JULY 74

# ਸਰਦਲ

ਜੁਲਾਈ 1974

ਜਿਲਦ 3 ] [ ਅੰਕ 12

ਮੁੱਲ ਇਕ ਰੁਪਿਆ

ਸਾਲਾਨਾ ਚੰਦਾ ਦਸ ਰੁਪਏ

### ਅੰਮ੍ਰਿਤਸਰ ਨਾਟਕ-ਕਲਾ ਕੇਂਦਰ ਵਲੋਂ

20-21 ਜੁਲਾਈ ਦੀਆਂ ਦੋਨੋਂ ਰਾਤਾਂ

ਠੀਕ $8\frac{1}{2}$ ਵਜੇ ਰਾਤ

ਓਪਨ ਏਅਰ ਥੀਏਟਰ, ਗਾਂਧੀ ਗਰਾਊਂਡ

(ਐਨਮ ਸਿਨਮਾ ਦੇ ਕੋਲ) ਅੰਮ੍ਰਿਤਸਰ

ਮੈਕਸਿਕ ਗੋਰਕੀ ਦੇ ਨਾਵਲ

**ਮਾਂ**

ਤੇ ਆਧਾਰਤ ਇਕ ਨਾਟਕ ਹੋ ਰਿਹਾ ਹੈ।

20 ਜੁਲਾਈ ਨਾਟਕ ਦੇ ਬਾਅਦ ਇਕ ਸੈਮੀਨਾਰ

ਟਰੇਡ ਯੂਨੀਅਨ ਸਰਗਰਮੀਆਂ ਵਿਚ ਆਰਥਕਤਾ ਦਾ ਕੀ ਹਿੱਸਾ ਹੈ ? ਇਹ ਜਮਾਤੀ ਚੇਤਣਤਾ ਤੀਖਣ ਕਰਨ ਵਿਚ ਕੀ ਹਿੱਸਾ ਪਾ ਸਕਦਾ ਹੈ। ਭਾਰਤ ਵਿਚ ਟਰੇਡ ਯੂਨੀਅਨਇਜ਼ਮ ਨੂੰ ਮੁਖ ਰਖ ਕੇ ਇਸ ਸਵਾਲ ਤੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਸਰਗਰਮ ਟਰੇਡ ਯੂਨੀਅਨਇਸਟ ਇਸ ਵਿਚ ਮੁੱਖ ਬੁਲਾਰੇ ਹੋਣਗੇ। ਦੋਨਾਂ ਮਤਾਂ ਦੇ ਪ੍ਰੋਗਰਾਮ ਲਈ ਖਾਸ ਕਰਕੇ ਮਜ਼ਦੂਰ ਵਰਗ ਦੇ ਲੋਕਾਂ ਨੂੰ ਖੁਲ੍ਹਾ ਸੱਦਾ ਹੈ।

—ਗੁਰਸ਼ਰਨ ਸਿੰਘ

## ਇਸ ਅੰਕ ਵਿਚ

ਕਹਾਣੀਆਂ


| | |
|---|---|
| ਨਵਾਂ ਮੋੜ | ਬੂਟਾ ਸਿੰਘ |
| ਤੋਟਾਂ ਅਤੇ ਅਤ੍ਰਿਪਤੀਆਂ | ਸੁਲੱਖਣ ਮੀਤ |
| ਦੇਸੀ ਅੰਗਰੇਜ਼ | ਰਾਜਬੀਰ |
| ਅੰਤਰ | ਟੇਕ ਰਤਨ |
| ਰੇਤਲੀ ਕੰਧ | ਜਸਵੀਰ ਪਾਲ 'ਜੱਸੀ' |


ਪਾਠਕ ਲੇਖਕ ਫੋਰਮ


| | |
|---|---|
| ਟਰਾਟਸਕੀਵਾਦ | ਸੁਖਦੀਪ |
| ਝੂਠੀ ਨਿਮਰਤਾ ਜਾਂ ਫੋਕੀਆਂ ਫੜ੍ਹਾਂ ? | ਗੁਰਦੀਪ ਸਿੰਘ |
| ਟਰਾਟਸਕੀਵਾਦ ਬਾਰੇ | ਸੁਰਜੀਤ ਗਿੱਲ |
| ਬਾਣੀ 'ਪੰਡਿਤਾਂ ਦੀ' | ਰਣਜੀਤ ਪੁਰੀ ਸੁਖਪਾਲ |
| ਵਾਦ ਵਿਵਾਦ ਬਾਰੇ | ਕੁਲਵੰਤ ਸਿੰਘ ਚੰਡੀਗੜ੍ਹ |
| ਟਰਾਟਸਕੀ ਬਾਰੇ | ਪ੍ਰੇਮ ਸਿੰਘ |
| ਮਾਰਕਸਵਾਦੀ ਦ੍ਰਿਸ਼ਟੀਕੋਣ | ਪ੍ਰੀਤਮ ਸਿੰਘ ਗਿੱਲ |
| ਵਿਦਰੋਹੀ ਸਾਹਿਤ ਇਨਕਲਾਬੀ ਸਾਹਿਤ ਕਦੋਂ ਬਣਦਾ ਹੈ ? | ਭਗਵਾਨ ਸਿੰਘ |
| ਕਰਵਟ ਉਤੇ ਕਹਾਣੀ ਗੋਸ਼ਟੀ | ਵਰਿਆਮ ਸਿੰਘ ਸੰਧੂ |
| ਸੁਲਘਦੇ ਅਹਿਸਾਸ ਬਾਰੇ | ਬੀ. ਐਸ. ਗਿੱਲ |
| ਸ਼ਿਵ ਦੇ ਸੰਦਰਭ ਵਿਚ | ਸੁਰਿੰਦਰ ਕਾਹਲੋਂ |
| ਕੇਂਦਰੀ ਪੰਜਾਬੀ ਲੇਖਕ ਸਭਾ | ਸ.ਨ. ਸੇਵਕ |
| ਇਹ ਹਮਾਰਾ ਜੀਵਣਾ | ਗੁਰਸ਼ਰਨ ਸਿੰਘ |


ਐਡੀਟਰ

**ਹਰਬੰਸ ਸਿੰਘ ਜੌਲੀ**

ਐਡੀਟਰ, ਪ੍ਰਿੰਟਰ ਤੇ ਪਬਲਿਸ਼ਰ ਸ: ਹਰਬੰਸ ਸਿੰਘ ਜੌਲੀ ਦੀ ਨਿਗਰਾਨੀ ਹੇਠ ਜਸਪਾਲ ਪ੍ਰਿੰਟਿੰਗ ਪ੍ਰੈਸ, ਕਟੜਾ ਘਨਈਆਂ ਅੰਮ੍ਰਿਤਸਰ ਤੋਂ ਛਪਵਾ ਕੇ, ਦਫ਼ਤਰ ਸਰਦਲ, ਤੇਜ ਪ੍ਰਿੰਟਿੰਗ ਪ੍ਰੈਸ, ਕਟੜਾ ਸ਼ੇਰ ਸਿੰਘ ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ।
ਪ੍ਰਕਾਸ਼ਨ ਮਿਤੀ ਜੁਲਾਈ 1, 1974.

**ਇਹ ਹਮਾਰਾ ਜੀਵਣਾ** / ਆਓ ਸਿਰ ਜੋੜ ਕੇ ਬੈਠੀਏ / ਗੁਰਸ਼ਰਨ ਸਿੰਘ

ਇਹ ਇਕ ਮੰਨੀ ਹੋਈ ਸਚਾਈ ਹੈ ਕਿ ਭਾਰਤ ਵਿਚ ਮਾਰਕਸ ਦੀ ਵਿਚਾਰਧਾਰਾ ਉਸ ਵੇਲੇ ਤੋਂ ਵੀ ਪਹਿਲ ਹੋਂਦ ਵਿਚ ਆ ਚੁਕੀ ਸੀ,ਜਦੋਂ ਕਿ ਹਾਲੇ ਗਾਂਧੀਵਾਦ ਦੇ ਬੀਜ ਇਸ ਧਰਤੀ ਤੇ ਮੌਲੇ ਨਹੀਂ ਸਨ,ਪਰ ਇਹ ਵੀ ਮੰਨੀ ਹੋਈ ਸਚਾਈ ਹੈ ਕਿ ਜਿਸ ਪਾਰਟੀ ਨੇ ਇਸ ਵਿਚਾਰਧਾਰਾ ਨੂੰ ਅਪਨਾਇਆ, ਉਹਦਾ ਇਤਿਹਾਸ ਭਾਰਤ ਦੀ ਸਥਿਤੀ ਤੇ ਮਾਰਕਸਵਾਦ ਲਾਗੂ ਕਰਨ ਵਿਚ ਲਗਾਤਾਰ ਗਲਤੀਆਂ ਅਤੇ ਅਸਫਲਤਾਵਾਂ ਦਾ ਇਤਿਹਾਸ ਹੈ। ਕੀ ਇਹ ਗਲਤੀਆਂ ਜਾਂ ਅਸਫਲਤਾਵਾਂ ਮਾਰਕਸੀ ਵਿਚਾਰਧਾਰਾ ਦੀਆਂ ਹਨ ਜਾਂ ਉਹਨਾਂ ਲੋਕਾਂ ਦੀ ਨਾਲਾਇਕੀ ਕਰ ਕੇ ਹਨ, ਜਿਹਨਾ ਨੇ ਇਹ ਵਿਚਾਰਧਾਰਾ ਅਪਣਾ ਕੇ ਮਾਰਕਸਵਾਦੀ ਘਰ ਦੀ ਲੀਡਰਸ਼ਿਪ ਸਾਂਭੀ ਰਖੀ ? ਇਹ ਸਪੱਸ਼ਟ ਹੈ ਕਿ ਇਹਦਾ ਕਾਰਨ ਦੂਜੇ ਨੰਬਰ ਉਤੇ ਦਸਿਆ ਹੀ ਕਾਰਨ ਹੈ।

ਇਹ ਵੀ ਇਕ ਦੁਖਦਾਇਕ ਪਰ ਮੰਨੀ ਹੋਈ ਸੱਚਾਈ ਹੈ ਕਿ ਇਹ ਲੀਡਰਸ਼ਿਪ ਸਭ ਗਲਤੀਆਂ ਦੇ ਬਾਵਜੂਦ ਵੀ ਕਦੀ ਨਹੀਂ ਬਦਲੀ। ਪ੍ਰੋਲਤਾਰੀਆਂ ਦੀ ਇਨਕਲਾਬੀ ਪਾਰਟੀ ਵਿਚ ਅਫ਼ਸਰ ਸ਼ਾਹੀ, ਧੜੇਬੰਦੀ ਅਤੇ ਧੱਕੇਸ਼ਾਹੀ ਦੇ ਸਾਰੇ ਉਹ ਔਗੁਣ ਹਨ, ਜੋ ਇਕ ਬੁਰਜੂਆ ਪਾਰਟੀ ਵਿਚ ਹੁੰਦੇ ਹਨ। ਇਹੋ ਕਾਰਨ ਹੈ ਕਿ ਬੁਰਜੂਆ ਪਾਰਟੀਆਂ ਵਾਂਗ ਕਮਿਊਨਿਸਟ ਪਾਰਟੀ ਵੀ ਪਹਿਲੇ ਦੋ ਤੇ ਫਿਰ ਤਿੰਨ ਅਤੇ ਹੋਰ ਪਤਾ ਨਹੀਂ ਅਗੇ ਕਿੰਨੀਆਂ ਪਾਰਟੀਆਂ ਵਿਚ ਵੰਡੀਦੀ ਜਾਏਗੀ। ਅਨੁਸ਼ਾਸਨ ਦਾ ਨਾਂ ਨਿਸ਼ਾਨ ਨਹੀਂ — ਕਾਬਜ਼ ਧੜਾ ਆਪਣੀ ਚੌਧਰ ਕਾਇਮ ਰਖਣ ਲਈ ਆਪਣੇ ਧੜੇ ਦੇ ਪੱਖ ਨੂੰ ਹੀ ਪਾਲਦਾ ਹੈ — ਦੂਜਾ ਧੜਾ ਮਾਯੂਸ ਹੋ ਕੇ ਆਪਣੀ ਵੱਖਰੀ ਪਾਰਟੀ ਬਣਾਉਨ ਦੀ ਸੋਚਦਾ ਹੈ। ਜਿਹੜੇ ਨੁਕਤੇ ਪਾਰਟੀ ਅੰਦਰ ਵਿਚਾਰ ਵਟਾਂਦਰੇ ਨਾਲ ਹੱਲ ਹੋਣੇ ਹੁੰਦੇ ਹਨ, ਉਹ ਨਵੀਆਂ ਪਾਰਟੀਆਂ ਬਣਾ ਕੇ ਹਲ ਕਰਨ ਦੇ ਯਤਨ ਕੀਤੇ ਜਾਂਦੇ ਹਨ।

ਮਾਰਕਸਵਾਦ ਦੇ ਜਨਮ ਦਾਤਿਆਂ ਦੀਆਂ ਲਿਖਤਾਂ ਨੂੰ ਤਰੋੜ ਮਰੋੜ ਕੇ ਪੇਸ਼ ਕੀਤਾ ਜਾਂਦਾ ਹੈ ਤੇ ਆਪਣੇ ਮਤਲਬ ਦੀ ਟੂਕ ਨੂੰ ਫੜ ਕੇ ਉਸ ਨੂੰ ਅਸਲ ਤੋਂ ਬਿਲਕੁਲ ਨਿਖੇੜ ਕੇ ਆਪਣੀ ਚੌਧਰ ਜਾਂ ਲਿਆਕਤ ਦਾ ਰੁਅਬ ਪਾਇਆ ਜਾਂਦਾ ਹੈ।

ਬੁਨਿਆਦੀ ਇਨਕਲਾਬੀ ਜਮਾਤਾਂ ਵਿਚ ਕੰਮ ਕਰਨ ਦੀ ਘੋਖਿਆਈ ਨੂੰ ਝਲਣ ਤੋਂ ਗਰੇਜ਼ ਕੀਤਾ ਜਾਂਦਾ ਹੈ। ਇਹ ਜਾਣਦੇ ਹੋਏ ਅਤੇ ਜ਼ਾਹਰਾ ਮੰਨਦੇ ਹੋਏ ਇਹਨਾਂ ਜਮਾਤਾਂ ਨੂੰ ਲਾਮਬੰਦ ਕੀਤੇ ਬਿਨਾਂ ਕੋਈ ਤਬਦੀਲੀ ਮੁਮਕਿਨ ਨਹੀਂ, ਇਸ ਕੰਮ ਨੂੰ ਨਹੀਂ ਛੋਹਿਆ ਜਾਂਦਾ ਸਗੋਂ ਹਾਕਮ ਜਮਾਤ ਦਾ ਖਾਸਾ ਮਿਥੇ ਬਿਨਾਂ ਅਤੇ ਜਮਾਤੀ ਸੰਘਰਸ਼ ਦੇ ਜ਼ਿਕਰ ਬਿਨਾਂ ਆਰਥਿਕਤਾ ਨਿਪੁੰਸਕ ਜਿਹੇ ਸਿਧਾਂਤ ਨਾਲ ਉਸ ਜਮਾਤ ਨੂੰ ਸਬਜ਼ਬਾਗ ਵਿਖਾਏ ਜਾਂਦੇ ਹਨ ਤੇ ਹਕੂਮਤ ਕਰਦੀ ਜਮਾਤ ਹੱਥੋਂ ਲਗਾਤਾਰ ਹਾਰਾਂ ਦਵਾ ਕੇ ਇਸ ਜਮਾਤ ਨੂੰ ਮਾਯੂਸੀ ਦੇ ਟੋਏ ਵਿਚ ਡਿੱਗ ਜਾਣ ਦਿਤਾ ਜਾਂਦਾ ਹੈ।

ਇਸ ਸਾਰੀ ਹਾਲਤ ਵਿਚ ਸੁਹਿਰਦ ਕਮਿਊਨਿਸਟ ਕੀ ਕਰਨ ? ਕੀ ਕਮਿਊਨਿਸਟਾਂ ਦੀ ਇਕ ਸਾਂਝੀ ਕਾਂਗਰਸ ਬੁਲਾਈ ਜਾਏ ?

ਪਾਠਕਾਂ ਵਲੋਂ ਇਸ ਵਿਸ਼ੇ ਤੇ ਲੇਖ ਵੀ ਆਉਣੇ ਚਾਹੀਦੇ ਹਨ।

—ਕਮਿਊਨਿਸਟ ਪਾਰਟੀਆਂ ਬਿਮਾਰ ਕਿਉਂ ਹਨ ?

ਜਾਂ ਜੇ ਉਹ ਅਰੋਗ ਹਨ ਤਾਂ ਉਹਨਾਂ ਦੀਆਂ ਅਸਫਲਤਾਵਾਂ ਦੀ ਕਹਾਣੀ ਇਤਨੀ ਲੰਮੀ ਕਿਉਂ ਹੈ ?

ਆਪਣੀਆਂ ਸਫਾਂ ਵਿਚ ਇਸ ਸਵਾਲ ਦੀ ਡੂੰਘੀ ਪੜਤਾਲ ਹੀ ਸਾਨੂੰ ਉਹ ਲੋੜੀਂਦਾ ਵਿਸ਼ਵਾਸ ਦੇਵੇਗੀ, ਜਿਸਦੇ ਨਾਲ ਅਸੀਂ ਆਪਣੇ ਇਨਕਲਾਬੀ ਟੀਚੇ ਵੱਲ ਵੱਧ ਸਕਦੇ ਹਾਂ — ਕਿਸੇ ਨੇ ਸਾਡੇ ਲਈ ਨਹੀਂ ਸੋਚਣਾ। ਆਪਣੇ ਬਾਰੇ ਅਸੀਂ ਆਪ ਸੋਚਣਾ ਹੈ।

ਬਾਹਰ ਮੁਖੀ ਹਾਲਾਤ ਸਾਡੇ ਹੱਕ ਵਿਚ ਹਨ ਪਰ ਇਹਨਾਂ ਦਾ ਲਾਭ ਪਿਛਾਂਹ ਖਿਚੂ ਤਾਕਤਾਂ ਇਤਿਹਾਸ ਦਾ ਪੁੱਠਾ ਗੇੜ ਚਲਾਉਣ ਲਈ ਵਰਤੀਆਂ ਜਾਂਦੀਆਂ ਹਨ ਤੇ ਸਾਨੂੰ ਬਾਰ ਬਾਰ "ਦੇਸ਼ ਨੂੰ ਸਮਾਜਵਾਦ ਵੱਲ ਬਦਲੋ" ਦੇ ਸ਼ਕਤੀਸ਼ਾਲੀ ਨਾਅਰੇ ਦੀ 'ਦੇਸ਼ ਨੂੰ ਪਿਛਾਂਹਖੜ ਤੋਂ ਬਚਾਨ' ਪੂਛਲਨੁਮਾ ਨਾਅਰਾ ਢੋਣਾ ਪੈ ਰਿਹਾ ਹੈ। ਆਓ ਸਿਰ ਜੋੜਕੇ ਬੈਠੀਏ ਤੇ ਇਸ ਗੰਭੀਰ ਸਥਿਤੀ ਬਾਰੇ ਸੋਚੀਏ ... ...

ਕਹਾਣੀ / **ਨਵਾਂ ਮੋੜ** / ਬੂਟਾ ਸਿੰਘ

ਬਾਬੂ ਰਾਮ ਸਹਾਏ, ਅੱਜ ਫਿਰ ਸੁੰਗੜਿਆ ਸੰਗੜਿਆ ਬੈਠਾ ਸੀ ਬਾਰ ਬਾਰ ਇਕੋ ਫਾਇਲ ਦੇ ਪੰਨੇ ਨੂੰ ਉਸ ਕਈ ਵਾਰ ਪੜ੍ਹਿਆ, ਪਰ ਉਸ ਦੇ ਸੋਚਾਂ ਭਰੇ ਦਿਮਾਗ਼ ਵਿੱਚ ਕੋਈ ਗੱਲ ਨਹੀਂ ਸੀ ਬੈਠਦੀ। ਇਕ ਠੰਡ ਦਾ ਜ਼ੋਰ, ਦੂਜਾ ਮਾੜਾ ਸਰੀਰ ਤੇ ਫਿਰ ਗ੍ਰਹਿਸਤ ਦੀਆਂ ਕਈ ਸੋਚਾਂ। ਆਖਿਰ, ਉਸ ਫਾਇਲ ਬੰਦ ਕਰ ਦਿੱਤੀ ਤੇ ਕੁਰਸੀ ਨਾਲ ਢੋਹ ਲਾ, ਲੰਮਾ ਸਾਹ ਖਿੱਚ, ਆਪਣੀਆਂ ਕੱਛਾਂ ਵਿੱਚ ਦੋਵੇਂ ਹੱਥ ਘੁੱਟ ਲਏ। ਪਤਾ ਨਹੀਂ ਉਸ ਦੇ ਹੱਥਾਂ ਨੂੰ ਬਹੁਤੀ ਸਰਦੀ ਲੱਗ ਰਹੀ ਸੀ ਜਾਂ ਉਸਦੇ ਮਨ ਨੂੰ, ਹਾਲਾਂਕਿ ਅੰਦਰ ਅੰਗੀਠੀਆਂ ਬਲ ਰਹੀਆਂ ਸਨ।

ਰਾਮ ਸਹਾਏ ਨੂੰ ਢਾਸਣਾ ਲਾਈ ਤੱਕ, ਸਾਹਮਣੇ ਬੈਠੇ ਰਮੇਸ਼ ਕੁਮਾਰ ਨੇ ਛੇੜਖਾਨੀ ਕਰਦਿਆਂ ਕਿਹਾ। ਲਾਲਾ ਜੀ, ਕੱਲ੍ਹ ਦਾ ਮੈਚ ਵੇਖਿਆ ਜੇ, ਤੁਹਾਡੇ ਇਲਾਕੇ ਦੇ ਮੁੰਡਿਆਂ ਕਮਾਲ ਕਰ ਦਿੱਤੀ।

ਲਾਲਾ ਜੀ ਨੇ ਰਮੇਸ਼ ਦੀ ਗੱਲ ਸੁਣ ਐਨਕ ਉਤੋਂ ਉਸ ਵੱਲ ਇਸ ਤਰ੍ਹਾਂ ਤੱਕਿਆ, ਜਿਵੇਂ ਗੱਲ ਉਹਨਾਂ ਦੇ ਕੰਨੀਂ ਤਾਂ ਪਈ ਹੈ ਪਰ ਸਮਝ ਕੁਝ ਨਹੀਂ ਆਈ।

ਬਖਤਾਵਰ ਤੇ ਨਾਜ਼ਰ ਨੇ ਦੂਜੇ ਧੜੇ ਦੀ ਡੀਫੈਂਸ ਲਾਈਨ ਵਿੱਚ ਘਬਰਾਹਟ ਪੈਦਾ ਕਰ ਦਿੱਤੀ। ਦੋਵੇਂ ਮੁੰਡੇ ਨੇ ਦਰਸ਼ਨੀ ਤੇ ਕਸਬੀ। ਬਾਲ ਉਤੇ ਉਹਨਾਂ ਦਾ ਕੋਈ ਕੰਟਰੋਲ ਏ, ਕਮਾਲ ਏ, ਕਮਾਲ।

ਰਮੇਸ਼ ਦੀ ਐਡੀ ਲੰਮੀ ਗੱਲ ਸੁਣ ਲਾਲਾ ਜੀ ਅੰਦਰ ਗਰਮੀ ਆ ਗਈ। ਕੱਛਾਂ ਵਿਚੋਂ ਹੱਥ ਕੱਢ, ਜੇਬ ਫਰੋਲਦੇ ਬੋਲੇ, ਰਮੇਸ਼ ਕੁਮਾਰ ਸਾਡੇ ਇਲਾਕੇ ਦੀ ਮਿੱਟੀ ਹੀ ਅਜਿਹੀ ਹੈ। ਭਾਰਤ ਦੇ ਜਿੰਨੇ ਵੀ ਵੱਡੇ ਫੁਟਬਾਲਰ ਹੋਏ ਹਨ, ਸਭ ਸਾਡੇ ਹੀ ਇਲਾਕੇ ਦੇ ਹਨ। ਇਹ ਬਖਤਾਵਰ ਤੇ ਨਾਜ਼ਰ ਆਪਣੇ ਅਜ਼ੀਜ਼ ਨੇ, ਤੇ ਹੈਣ ਵੀ ਰਿਸ਼ਤੇਦਾਰਾਂ ਵਿਚੋਂ। ਇਹ ਅਜੇ ਪੰਜਵੀਂ ਛੇਵੀਂ ਵਿਚ ਪੜ੍ਹਦੇ ਸਨ, ਮੈਂ ਪਿੰਡ ਜਾਂਦਾ ਤੇ ਇਨ੍ਹਾਂ ਨੂੰ ਫੁਟਬਾਲ ਦੀ ਟੈਕਨੀਕ ਦਸਦਾ ਹੁੰਦਾ ਸਾਂ। ਲਾਲਾ ਜੀ ਨੇ ਜੇਬ ਵਿਚੋਂ ਬੀੜੀ ਢੂੰਡਦਿਆਂ ਕਿਹਾ। ਪਰ ਉਹਨਾਂ ਨੂੰ ਇਕ ਵੀ ਟੋਟਾ ਨਾ ਮਿਲਿਆ।

ਲਾਲਾ ਜੀ ਦੀ ਪਰੇਸ਼ਾਨੀ ਤੇ ਟੋਟ ਨੂੰ ਜਾਚਦਿਆਂ ਰਮੇਸ਼ ਨੇ ਕਿਹਾ, ਲਾਲਾ ਜੀ ਸਿਗਰਟ ਪੀਓ..........

ਰਮੇਸ਼ ਬਾਬੂ ਅੱਜ ਬਟੂਆ ਹੀ ਘਰ ਰਹਿ ਗਿਆ। ਹਾਫਿਜ਼ਾ ਕਮਜ਼ੋਰ ਹੁੰਦਾ ਜਾਂਦਾ ਹੈ।

ਰਮੇਸ਼ ਨੇ ਰਾਮ ਸਹਾਏ ਨੂੰ ਦਿਲ ਵਿਚ ਇਕ ਵੱਡੀ ਗਾਲ੍ਹ ਕੱਢ ਕਿਹਾ, ਹੋਰ ਸੂਰ ਵਾਧਾ ਪੈਦਾ ਕਰੀ ਜਾ, ਬੇਵਕੂਫ ਗਧਾ......

ਲਾਲਾ ਜੀ ਨੇ ਸਿਗਰਟ ਫੜ ਮਨ ਵਿਚ ਕਿਹਾ ਰਮੇਸ਼ ਦਾ ਸਟੈਂਡਰਡ ਬੜਾ ਉੱਚਾ ਹੈ। ਇਸ ਦੀ ਹਰ ਚੀਜ਼ ਕੀਮਤੀ ਹੁੰਦੀ ਹੈ।

ਵੇਖ ਰਮੇਸ਼ ਬਾਬੂ ਮੈਂ ਪੰਜਾਬ ਅਲੈਵਨ ਦਾ ਚੈਮਪੀਅਨ ਰਿਹਾ ਹਾਂ। ਜੇ ਮੇਰੇ ਘਰ ਦੇ ਹਾਲਾਤ ਕੁਝ ਠੀਕ ਹੁੰਦੇ ਤੇ ਖੁਰਾਕ ਮਿਲਦੀ ਰਹਿੰਦੀ, ਮੈਂ ਇੰਡੀਆ ਅਲੈਵਨ ਦਾ ਖਿਡਾਰੀ ਬਣ ਜਾਣਾ ਸੀ। ਮੈਂ ਤਾਂ ਹੈਡ ਮਾਰ ਗੋਲ ਕਰ ਦੇਂਦਾ ਹੁੰਦਾ ਸਾਂ.....

ਲਾਲਾ ਜੀ ਤੁਸੀਂ ਤਾਂ ਨਾਜ਼ਰ ਦੇ ਲਕ ਜਿਡੇ ਹੋ। ਪੰਜਾਬ ਦੇ ਜਵਾਨਾਂ ਵਿਚ ਤੁਹਾਡੀ ਕੀ ਦਾਲ ਗਲਦੀ ਹੋਵੇਗੀ।

ਓਏ ਪੁੱਤਰਾ, ਤੂੰ ਸਾਡੀ ਖੇਡ ਨਹੀਂ ਵੇਖੀ। ਜਦ ਮੈਂ ਜੰਪ ਕਰਦਾ ਸਾਂ, ਕਈ ਵਾਰੀ ਮੇਰਾ ਸਿਰ ਪੋਲ ਦੇ ਸਿਰੇ ਨਾਲ ਜਾ ਵਜਦਾ ਸੀ।

ਥੱਲੇ ਦੇ ਸਿਰੇ ਨਾਲ ਜਾਂ ਉਪਰਲੇ ਸਿਰੇ ਨਾਲ, ਰਮੇਸ਼ ਨੇ ਦਬੀ ਜ਼ਬਾਨ ਨਾਲ ਕਿਹਾ......

ਲੋਕੀਂ ਆਖਦੇ ਹੁੰਦੇ ਸਨ, ਰਾਮ ਸਹਾਏ ਦੇ ਲੱਕ ਵਿਚ ਸਪਰਿੰਗ ਲੱਗੇ ਹੋਏ ਨੇ।

ਓਏ ਬਾਬੂ ਮਾਲਕ ਰਾਮ ਸੁਣੀ ਆ ਲਾਲਾ ਜੀ ਦੀ ਗੱਲ। ਬਾਲ ਨੂੰ ਹੈਡ ਮਾਰਦੇ ਸਨ ਤੇ ਇਨ੍ਹਾਂ ਦਾ ਸਿਰ ਪੋਲ ਨਾਲੋਂ ਉੱਚਾ ਹੋ ਜਾਂਦਾ ਸੀ। ਲਾਲਾ ਜੀ ਦੇ ਲੱਕ ਵਿਚ ਬੜਾ ਅਲਾਸਟਿਕ ਸੀ.....

ਲਾਲਾ ਜੀ ਤੇ ਖਾਧੇ ਨੇ ਸਾਹ ਨੇ, ਮਾਲਿਕ ਰਾਮ ਨੇ ਰਮੇਸ਼ ਦੀ ਗੱਲ ਪਰਤਾਉਂਦਿਆਂ ਕਿਹਾ।

ਚੱਲ ਓਏ ਸਹੁਰੀ ਦਿਆ ਵੱਡਾ ਬਲਵਾਨ ਬਣਿਆ ਫਿਰਦਾ ਏਂ.....

ਲਾਲਾ ਜੀ, ਤੁਸੀਂ ਮੇਰੇ ਨਾਲੋਂ ਪੰਜ ਛੇ ਵਰ੍ਹੇ ਹੀ ਵੱਡੇ ਹੋਵੋਗੇ, ਲਿਫਟ ਬਿਨਾਂ ਉਤੇ ਨਹੀਂ ਚੜ੍ਹਦੇ, ਤੇ ਗੱਲਾਂ ਕਰਦੇ ਹੋ ਪੰਜਾਬ ਅਲੈਵਨ ਦੀਆਂ। ਮੈਚ ਦੇ ਲਾਇਨਮੈਨ ਹੋਵੋਗੇ ਕਿਤੇ। ਬਾਲ ਬਾਹਰ ਨਿਕਲਿਆ ਝੰਡੀ ਹਿਲਾ ਦਿੱਤੀ। ਫੁਟਬਾਲ ਦੇ ਖਿਡਾਰੀਆਂ ਦੇ ਤੁਸਾਂ ਕਦੇ ਕਾਰ ਨਹੀਂ ਵੇਖੇ। ਵੇਖੇ ਜੇ ਮੇਰੇ ਚਾਚਾ ਜੀ ਐਸ ਵੇਲੇ ਉਹ ਸੱਠਾਂ ਪੈਂਠਾਂ ਤੋਂ ਉਤੇ ਨੇ। ਤੁਸੀਂ ਤਾਂ ਕੁਜਾ ਜੇ ਰਮੇਸ਼ ਦੀ ਬਾਂਹ ਫੜ ਲਏ ਇਹ ਹਿਲ ਨਾ ਸਕੇ। ਐਵੇਂ ਸਾਡੇ ਉਤੇ ਰੋਅਬ ਪਏ ਪਾਉਂਦੇ ਹੋ। ਕੱਲ੍ਹ ਪੁਛ ਲਵਾਂਗਾ ਨਾਜ਼ਰ ਕੋਲੋਂ ਤੁਹਾਡਾ ਰਾਮ ਸਹਾਏ ਕੀ ਲੱਗਦਾ ਹੈ।

ਲਾਲਾ ਜੀ ਦਾ ਸਿਗਰਿਟ ਫਿਰ ਬੁਝ ਗਿਆ ਤੇ ਉਹ ਫਿਰ ਸੋਚਾਂ ਵਿਚ ਡੁਬ ਗਏ। ਰਮੇਸ਼ ਨੇ ਮਾਲਿਕ ਰਾਮ ਦੇ ਹੱਲੇ ਤੋਂ ਬਚਾਉ ਦਿਆਂ ਫਿਰ ਗੱਲ ਛੇੜੀ। ਬਾਬੂ ਮਾਲਿਕ ਰਾਮ, ਲਾਲਾ ਜੀ ਨੇ ਖਾਧੇ ਨੇ ਦੇਸੀ ਘਿਓ ਤੇ ਬੂਰੀਆਂ ਦੇ ਪੀਤੇ ਨੇ ਦੁੱਧ.....

....ਤਾਹੀਓਂ ਇਨ੍ਹਾਂ ਨੂੰ ਠੰਡ ਨਹੀਂ ਲੱਗਦੀ। ਪਾ ਆਉਂਦੇ ਨੇ ਮਾੜਾ ਜਿਹਾ ਸਵੈਟਰ। ਉਹ ਵੀ ਨਿਪੋਲੀਅਨ ਦੇ ਵੇਲੇ ਦਾ, ਪੈਰੀਂ ਹੁੰਦੀ ਏ ਚਪਲ। ਮਾਲਿਕ ਰਾਮ ਨੇ ਗੱਲ ਟੁਕਦਿਆਂ ਕਿਹਾ।

ਇਹ ਹੀ ਤਾਂ ਖੂਬੀ ਏ ਲਾਲਾ ਜੀ ਦੀ ਜਾਨ ਵਿੱਚ। ਇਨ੍ਹਾਂ ਦੇ ਜੁਸੇ ਨੂੰ ਠੰਡ ਲੱਗਦੀ ਹੀ ਨਹੀਂ।

ਓਏ ਮੇਰੇ ਜਿਨੇ ਹੋਣ ਤੁਹਾਡੇ ਬੱਚੇ, ਫਿਰ ਵੇਖਦਾ ਤੁਹਾਡੀਆਂ ਫੈਲ ਸੂਫੀਆਂ।

ਜਿਸ ਦਿਨ ਲਾਲਾ ਜੀ ਤੁਸੀਂ ਡਿੱਗ ਪਏ, ਕਿਸੇ ਬੱਚੇ ਮੂੰਹ ਵਿਚ ਪਾਣ ਨਹੀਂ ਐਣਾ। ਇਕ ਦੋ ਹੋਰ ਕਰੋ ਡਿਆਰ, ਤੇ ਫਿਰ ਆਇਆ ਜੇ ਦਫਤਰ, ਗਲੋਂ ਨੰਗੇ...

ਮਾਲਿਕ ਰਾਮ ਐਵੇਂ ਗੱਲਾਂ ਕਰੀ ਜਾਨਾ ਏਂ, ਹੋਰ ਚਹੁੰ ਵਰ੍ਹਿਆਂ ਨੂੰ ਲਾਲਾ ਜੀ ਦੇ ਸਾਰੇ ਬੱਚੇ ਜਵਾਨ ਹੋ ਜਾਣੇ ਨੇ, ਫਿਰ ਵੇਖੀਂ ਇਨ੍ਹਾਂ ਦੀਆਂ ਲਹਿਰਾਂ ਬਹਿਰਾਂ।

ਉਨ੍ਹਾਂ ਚਿਰ ਨੂੰ ਇਹ ਆਪ ਠੰਡ ਨਾਲ ਬੋਲੋ ਰਾਮ ਹੋ ਜਾਣਗੇ। ...ਰਮੇਸ਼ ਕੁਮਾਰ ਤੇਰਾ ਹੋਇਆ ਏ ਨਵਾਂ ਵਿਆਹ। ਬਣਾਈਂ ਲਾਲਾ ਜੀ ਵਾਂਗ ਹਰ ਸਾਲ ਨਵਾਂ ਮਾਡਲ, ਫਿਰ ਤਕਾਂਗੇ ਤੇਰੇ ਸੂਟ ਨਕਟਾਈਆਂ।

ਤੋਬਾਂ ਕਰ ਉਹ ਭਰਾਵਾ, ਇਹ ਅਸ਼ੀਰਵਾਦ ਲਾਲਾ ਜੀ ਨੂੰ ਦੇ। ਅਸੀਂ ਤਾਂ, ਕੀ ਸਾਡਾ ਮਾਂ ਪਿਓ ਵੀ ਸਿਆਣਾ ਸੀ। ਅਸੀਂ ਦੋ ਭਰਾ ਤੇ ਇਕ ਭੈਣ ਹਾਂ। ਤਿੰਨੇ ਹੀ ਆਪਣੀ ਆਪਣੀ ਥਾਂ ਚੰਗੇ ਹਾਂ। ਭੈਣ ਜੀ ਲੇਡੀ ਡਾਕਟਰ ਹਨ ਤੇ ਭਾਈ ਸਾਹਿਬ ਮੇਜਰ। ਮੇਰੀ ਵਹੁਟੀ ਲੈਂਦੀ ਏ ਛੇ ਸੌ। ਸੀਨੀਅਰ ਟੀਚਰ ਲੱਗੀ ਹੋਈ ਹੈ, ਮੈਨੂੰ ਕਾਹਦੀ ਮੁਥਾਜੀ ਆ...

ਤੇਰੇ ਪਿਓ ਨੇ ਸਾਰਾ ਰੁਪਈਆ ਤੈਨੂੰ ਹੀ ਦੇ ਜਾਣਾ ਏ। ਕੋਠੀ ਉਤੇ ਤੇਰਾ ਪਹਿਲਾਂ ਹੀ ਕਬਜ਼ਾ ਏ, ਚਾਹੇ ਅੱਠ ਬੱਚੇ ਪੈਦਾ ਕਰ.....

ਬਾਬੂ ਮਾਲਿਕ ਰਾਮ ਜੀ ਮੈਂ ਕੋਈ ਮੂਰਖ ਨਹੀਂ, ਪਲਟਨ ਪੈਦਾ ਕਰ, ਜ਼ਿੰਦਗੀ ਨਰਕ ਕਰ ਲਵਾਂ। ਇਕ ਐਸ ਵਾਰੀ ਤੇ ਦੂਜਾ ਫਿਰ ਤਿੰਨਾਂ ਵਰ੍ਹਿਆਂ ਬਾਦ। ਬੱਚੇ ਰਿਹਾ ਕਰਨਗੇ, ਦਾਦੀ ਦਾਦੇ ਕੋਲ ਤੇ ਅਸੀਂ ਮਨਾਵਾਂ ਕਰਾਂਗੇ ਹਨੀਮੂਨ ਛੁਟੀਆਂ ਵਿਚ.....

ਰਮੇਸ਼ ਬਾਬੂ, ਬੱਚੇ ਹੁੰਦੇ ਨੇ ਰੱਬੀ ਦਾਤ, ਆਪਣੇ ਕੀ ਵਸ ਹੈ? ਰਾਮ ਸਹਾਏ ਨੇ ਹੌਕਾ ਭਰਦਿਆਂ ਕਿਹਾ।

ਛੱਡੋ ਲਾਲਾ ਜੀ ਇਹ ਫਿਲਾਸਫੀਆਂ। ਤੁਸੀਂ ਮੇਰੇ ਪਿਤਾ ਜੀ ਦੇ ਹਾਣੀ ਹੋ। ਤੁਹਾਡੇ ਉਤੇ ਰੱਬ ਦੀ ਬੜੀ ਮਿਹਰ ਹੋਈ ਤੇ ਮੇਰੇ ਪਿਤਾ ਜੀ ਉਤੇ ਘੱਟ। ਮੇਰੇ ਬਾਬੂ ਜੀ ਨੂੰ ਰੀਟਾਇਰ ਹੋਇਆਂ ਦੋ ਵਰ੍ਹੇ ਹੋਣ ਲਗੇ ਨੇ, ਤਕੋ ਉਹਨਾਂ ਦਾ ਜਲਵਾ। ਹਰ ਵਰ੍ਹੇ ਨਵਾਂ ਸੂਟ ਸਵਾਂਦੇ ਨੇ। ਇਲਾਕੇ ਦੀ ਪੰਚਾਇਤ ਦੇ ਸਕੱਤਰ ਨੇ। ਖਸਮਾਂ ਨੂੰ ਖਾਏ ਘਰ। ਤਿੰਨ ਸੌ ਮਿਲਦੀ ਜੇ ਉਹਨਾਂ ਨੂੰ ਪੈਨਸ਼ਨ, ਪੰਜ ਸੌ ਆਉਂਦਾ ਏ ਕੋਠੀ ਦਾ ਕਰਾਇਆ। ਅਸੀਂ ਦੋਵੇਂ ਭਰਾ ਹਾਂ ਆਪਣੀ ਆਪਣੀ ਥਾਂ ਟਿਕਾਣੇ ਲੱਗੇ। ਭੈਣ ਸਾਡੀ ਏ ਡਾਕਟਰ। ....ਮੁਆਫ ਕਰਨਾ ਤੁਹਾਡੇ ਵਾਂਗੂ ਕੀੜੇ ਪੈਦਾ ਕਰ ਮਗਰੋਂ ਬੀੜੀ ਜੋਗਾ ਪੈਸਾ ਨਹੀਂ ਹੁੰਦਾ ਜੇਬ ਵਿਚ। ਅੱਗ ਲਾਣੀ ਏ ਅਜਿਹੇ ਨਸੀਬਾਂ ਨੂੰ.....

ਰਮੇਸ਼ ਦੀ ਗੱਲ ਸੁਣ, ਲਾਲਾ ਜੀ ਦਾ ਮੂੰਹ ਉਤਰ ਗਿਆ, ਪਰ ਉਹਨਾਂ ਢੀਠਾਂ ਵਾਂਗ ਮੁਸਕ੍ਰਾਉਂਦਿਆਂ ਕਿਹਾ।

ਪੁਤਰਾਂ ਵੇਖ ਲਵਾਂਗੇ ਹੋਰ ਪੰਜਾਂ ਵਰ੍ਹਿਆਂ ਨੂੰ ਤੇਰੀ ਅਕਲ। ਜਿਸ ਜੀਅ ਨੇ ਆਉਣਾ ਹੈ ਆਕੇ ਹੀ ਰਹਿੰਦਾ ਹੈ। ਕੌਣ ਟਾਲ ਸਕਦਾ ਹੈ ਰੱਬੀ ਰਜ਼ਾ ਨੂੰ.....

ਛਡੋ ਲਾਲਾ ਜੀ, ਰੱਬ ਨੇ ਤੁਹਾਨੂੰ ਅਕਲ ਦਿੱਤੀ, ਪੜ੍ਹਾਈ ਦਿੱਤੀ, ਇਲਜ਼ਾਮ ਫਿਰ ਵੀ ਰੱਬ ਉਤੇ। ਹੁਣ ਕੰਮ ਕਰਨ ਦਿਓ.....ਛਡੋ ਗੱਲਾਂ ਨੂੰ...

ਰਮੇਸ਼ ਦੇ ਇਸ ਵਾਕ ਨਾਲ ਰਾਮ ਸਹਾਏ ਨੂੰ ਇੰਜ ਲੱਗਾ ਜਿਵੇਂ ਕਿਸੇ ਗੰਦੇ ਨਾਲੇ ਵਿਚ ਧੱਕਾ ਦੇ ਦਿੱਤਾ ਹੋਵੇ।

ਲਾਲਾ ਜੀ ਨੂੰ ਫਿਰ ਠੰਡ ਲੱਗਣ ਲੱਗ ਪਈ ਤੇ ਦੋਵੇਂ ਹੱਥ ਕੱਛਾਂ ਵਿਚ ਦੇ ਫਿਰ ਸੋਚਣ ਲੱਗ ਪਏ।

ਅਜੇ ਕੱਲ ਦੀ ਗੱਲ ਹੈ, ਉਸ ਦਾ ਵਿਆਹ ਹੋਇਆ ਸੀ। ਪਾਰੋ ਕਸ਼ਮੀਰਨ ਕੁੜੀ ਲੱਗਦੀ। ਲਾਲ ਸੂਹਾ ਰੰਗ, ਦਗ ਦਗ ਕਰਦੀਆਂ ਅੱਖਾਂ। ਤੇ ਮੇਰੇ ਨਾਲੋਂ ਚਾਰ ਉਂਗਲਾਂ ਉਚੀ। ਭੋਲੀ ਦਾਈ ਨੇ ਪਾਰੋ ਨੂੰ ਵੇਖ ਕਿਹਾ ਵੇ ਰਾਮੇ ਤੂੰ ਨਸੀਬਾਂ ਵਾਲਾ ਏਂ, ਗੰਦੌੜਾ ਵਹੁਟੀ ਮਿਲੀਆ, ਪਠਾਣੀ ਏ ਪਠਾਣੀ... ਤੂੰ ਤੇ.....ਭੋਲੀ ਨੇ ਅਗਲਾ ਵਾਕ ਮੂੰਹ ਵਿਚ ਹੀ ਘੁਟ ਲਿਆ।

ਪਾਰੋ ਨੂੰ ਦਿੱਲੀ ਲੈ ਆਏ। ਜਿਧਰੋਂ ਲੰਘਦੀ ਲੋਕੀਂ ਅੱਡੀਆਂ ਚੁਕ ਚੁਕ ਵੇਖਦੇ। ਪਰ ਆਪਣੀ ਕਿਸਮਤ ਜੂ ਮਾੜੀ ਸੀ। ਦਸਾਂ ਮਹੀਨਿਆਂ ਪਿਛੋਂ ਰਾਣੀ ਜੰਮ ਪਈ, ਘਈਂ, ਬੜੀਆਂ ਵਧਾਈਆਂ ਮਿਲੀਆਂ। ਰਾਣੀ ਮਾਂ ਵਰਗੀ

ਸੁਨਖੀ ਸੀ। ਲੋਕੀਂ ਆਖਦੇ ਤੁਹਾਡੇ ਘਰ ਲਕਸ਼ਮੀ ਆਈ ਹੈ। ਲਕਸ਼ਮੀ ਕੀ ਆਈ ਹੋਰ ਕਈ ਦੇਵੀ ਦੇਵਤਿਆਂ ਦੀ ਲਾਇਨ ਲੱਗ ਗਈ। ਸੜ੍ਹਾਈਆਂ ਵਰ੍ਹਿਆਂ ਵਿਚ ਅੱਠ ਬੱਚੇ ਹੋਏ, ਤੇ ਨਾਵਾਂ ਫਿਰ ਤਿਆਰ ਹੈ। ਓਏ ਮੇਰੇ ਭਗਵਾਨ। ਪਾਰੋ ਦੀ ਸ਼ਕਲ ਨੁਚੜੇ ਨਿੰਬੂ ਵਰਗੀ ਹੋ ਗਈ ਹੈ। ਤੇ ਰਾਣੀ, ਹੋ ਗਈ ਏ ਮਾਂ ਜਿਡੀ ਉੱਚੀ। ਫੀਸਾਂ ਖੁਣੋ ਦੋ ਮੁੰਡਿਆਂ ਪੜ੍ਹਾਈ ਛੱਡ ਦਿੱਤੀ ਹੈ।

ਭਲਿਆ ਲੋਕਾ, ਕੋਈ ਮੁੰਡਾ ਵੇਖ ਕਰਜਾ ਕੁਰਜਾ ਚੁੱਕ ਕੁੜੀ ਦੇ ਹੱਥ ਪੀਲੇ ਕਰੀਏ......ਪਾਰੋ ਨੇ ਹੌਕਾ ਲੈਂਦਿਆਂ ਕਿਹਾ।

ਕੋਈ ਮੁੰਡਾ ਨਜ਼ਰ ਨਹੀਂ ਔਂਦਾ।

ਘਰ ਬੈਠਿਆਂ ਤੇ ਸਾਰੀਆਂ ਗੱਲਾਂ ਨਹੀਂ ਪੂਰੀਆਂ ਹੁੰਦੀਆਂ। ਕਿਤੇ ਬਾਹਰ ਨਿਕਲੋ, ਕਿਸੇ ਨੂੰ ਪੁਛੋ ਗਿਛੋ, ਬੱਚਿਆਂ ਨੂੰ ਵੱਡ ਵੱਡ ਖਾਂਦੇ ਰਹਿੰਦੇ ਹੋ।

ਸੁਣਿਆ ਉਹ ਹੈ ਨਾ, ਭੈਣ ਸ਼ਕੁੰਤਲਾ ਉਹਦੇ ਦਿਉਰ ਦਾ ਮੁੰਡਾ ਹੈ। ਬੀ. ਏ. ਪਾਸ ਤੇ ਪੱਕੀ ਨੌਕਰੀ ਵਾਲਾ। ਘਰ ਵੀ ਚੰਗਾ ਹੈ। ਦੋ ਭਰਾ ਤੇ ਇਕ ਭੈਣ। ਨਿੱਕਾ ਜਿਹਾ ਟੱਬਰ। ਕੁੜੀ ਸੌਖੀ ਰਹੇਗੀ। ਵੱਡੇ ਟੱਬਰ ਦੀ ਤਾਂ ਰੋਟੀ ਹੀ ਪਕਾਉਣੀ ਨਹੀਂ ਮਾਣ।

ਰਾਮ ਸਹਾਏ ਨੂੰ ਗੱਲ ਯਾਦ ਆ ਰਹੀ ਸੀ ਮੁੰਡਾ ਵੇਖਣ ਗਿਆ। ਮੁੰਡਾ ਸੁਹਣਾ, ਤੇ ਨਿੱਕਾ ਜਿਹਾ ਟੱਬਰ ਚੁਪ ਚਾਂ, ਕਿਤੇ ਅਵਾਜ਼ ਨਹੀਂ ਸੀ ਆਉਂਦੀ। ਉਹਨਾਂ ਬੜਾ ਆਦਰ ਕੀਤਾ। ਰਾਮ ਸਹਾਏ ਨੇ ਪੁਰਾਣੀ ਰਿਸ਼ਤੇਦਾਰੀ ਕੱਢਦਿਆਂ ਆਪਣੀ ਕੁੜੀ ਦੀ ਗੱਲ ਤੋਰੀ।

ਹਾਂ ਜੀ, ਏਹ ਤਾਂ ਗੱਲ ਠੀਕ ਹੈ, ਵੇਖੇ ਡਿਠੇ ਰਿਸ਼ਤੇਦਾਰ ਚੰਗੇ ਹੁੰਦੇ ਨੇ।

ਇਹ ਮੇਰੀ ਸਭ ਤੋਂ ਵੱਡੀ ਲੜਕੀ ਹੈ। ਬੜੀ ਸਿਆਣੀ ਹੈ। ਸਾਰਾ ਘਰ ਸੰਭਾਲਿਆ ਹੋਇਆ ਸੂ।

ਚੰਗੀ ਗੱਲ ਹੈ। ਮੁਆਫ ਕਰਨਾ, ਤੁਹਾਡੇ ਕਿੰਨੇ ਬੱਚੇ ਹਨ।

ਰਾਇ ਸਾਹਿਬ, ਅਸੀਂ ਤਾਂ ਮੂਰਖ ਆਦਮੀ ਹਾਂ ਸਮਝ ਹੀ ਨਹੀਂ ਆਈ। ਸੁਖ ਨਾਲ ਅੱਠ ਹਨ।

ਤੁਸੀਂ ਸਾਡੀ ਭੈਣ ਜੀ ਨੂੰ ਨਾਲ ਲੈ ਔਣਾ ਸੀ। ਸਾਡੇ ਘਰ ਨੂੰ ਝਾਤੀ ਮਾਰ ਜਾਂਦੇ।

ਉਹ ਜੀ ਜ਼ਰਾ.....ਔਣ ਜੋਗੀ ਨਹੀਂ.....ਉਸ ਦੀ ਤਬੀਅਤ ਖਰਾਬ ਸੀ।

ਠੀਕ ਠੀਕ, ਮੁੰਡੇ ਦੇ ਪਿਓ ਨੇ ਮੁਸਕਾਉਂਦਿਆਂ ਕਿਹਾ। ਅੱਛਾ ਅਸੀਂ ਸੋਚ ਲਈਏ.....

ਰਾਮ ਸਹਾਏ ਨੇ ਇਹ ਕੁਝ ਸੋਚਦਿਆਂ ਲੰਮਾ ਹੌਕਾ ਭਰ ਮਨ ਵਿਚ ਕਿਹਾ।

ਅੱਗੇ ਬੱਚੇ ਜੰਮਣ ਤੇ ਮੁਬਾਰਕਾਂ ਮਿਲਦੀਆਂ ਸਨ, ਤੇ ਹੁਣ ਘਰੋਂ ਬਾਹਰੋਂ ਜੁਤੀਆਂ।

o

ਕਹਾਣੀ / **ਤੋਟਾਂ ਅਤੇ ਅਤ੍ਰਿਪਤੀਆਂ** / ਸੁਲੱਖਣ ਮੀਤ

ਸਾਰੇ ਰਾਹ ਬਸ-ਕੰਡਕਟਰ ਭਾਨ ਦੀ ਥੁੜ ਕਾਰਨ ਸਵਾਰੀਆਂ ਨਾਲ ਲੜਦਾ ਰਿਹਾ ਸੀ। ਕਿਸੇ ਵੀ ਸਵਾਰੀ ਨੂੰ ਉਸ ਨੇ ਬਕਾਇਆ ਨਹੀਂ ਸੀ ਮੋੜਿਆ ਅਤੇ ਉਹਨਾਂ ਦਾ ਬਕਾਇਆ ਉਹਨਾਂ ਦੀਆਂ ਟਿਕਟਾਂ ਦੇ ਪਿਛੇ ਹੀ ਲਿਖਦਾ ਰਿਹਾ ਸੀ। ਇਕ ਅਸੀਂ ਦੋ ਸਵਾਰੀਆਂ ਸਾਂ, ਜਿਹਨਾਂ ਨੇ ਲੜ ਝਗੜ ਕੇ ਸਮੇਂ ਸਿਰ ਬਕਾਇਆ ਲੇ ਲਿਆ ਸੀ। ਇਸੇ ਲਈ ਭਾਵੇਂ ਦੂਸਰੀਆਂ ਸਵਾਰੀਆਂ ਬਸ ਤੋਂ ਉਤਰਦਿਆਂ ਹੀ ਕੰਡਕਟਰ ਦੁਆਲੇ ਮੱਖੀਆਂ ਵਾਂਗ ਜੁੜ ਗਈਆਂ ਸਨ, ਪਰ ਅਸੀਂ ਇਕ ਦਮ ਰਿਕਸ਼ਾ ਲਿਆ ਅਤੇ ਦਰਬਾਰ ਸਾਹਿਬ ਵਲ ਚਲ੍ਹ ਪਏ। ਅੱਡੇ ਵਿਚੋਂ ਨਿਕਲਦਿਆਂ ਹੀ ਪੈਟਰੋਲ ਪੰਪ ਉਤੇ ਅਸੀਂ ਦੇਖਿਆ ਕਿ ਡੀਜ਼ਲ ਲੈਣ ਵਾਲਿਆਂ ਦੀ ਕੋਈ ਡੇਢ ਦੋ ਫਰਲਾਂਗ ਲੰਬੀ ਲਾਈਨ ਲੱਗੀ ਹੋਈ ਸੀ। ਖਾਲੀ ਕੇਨੀਆਂ ਇਉਂ ਲਾਈਨ ਵਿਚ ਪਈਆਂ ਸਨ, ਜਿਵੇਂ ਕੋਈ ਇਕ ਮੋਟਾ ਸੰਗਲ ਹੋਵੇ। ਟਰੱਕ ਅਤੇ ਟਰੈਕਟਰ ਵੀ ਊਠਾਂ ਦੀ ਲਾਮ ਡੋਰ ਵਾਂਗ ਲਾਈਨ ਵਿਚ ਲੱਗੇ ਹੋਏ ਸਨ। ਮੇਰੇ ਨਾਲ ਦਾ ਸਾਥੀ ਜਿਹੜਾ ਕਿ ਪਹਿਲਾਂ ਹੀ ਭਾਨ ਦੇ ਮਾਮਲੇ ਤੇ ਬਸ-ਕੰਡਕਟਰ ਨਾਲ ਸਿਰ-ਖਪਾਈ ਕਰਕੇ ਆਇਆ ਸੀ, ਸਰਕਾਰ ਦੇ ਵਿਰੁੱਧ ਭਰਿਆ ਪੀਤਿਆ ਪਿਆ ਸੀ, ਇਕ ਦਮ ਬੋਲਿਆ, 'ਦੱਸੋ ਕੀ ਕਰਨ ਲੋਕ?' ਇਹ ਕਿਹੋ ਜਿਹਾ ਚੰਦਰਾ ਸਮਾਂ ਆਇਐ, ਪੈਸਾ ਖਰਚ ਕੇ ਵੀ ਕੋਈ ਚੀਜ਼ ਨਹੀਂ ਮਿਲਦੀ। ਫਿਰ, ਜੇ ਕਿਸਾਨਾਂ ਦਾ ਇਹੀ ਹਾਲ ਰਿਹਾ ਤਾਂ 'ਹਰੀ ਕ੍ਰਾਂਤੀ' ਕਿਮੇਂ ਆਊਗੀ?

'ਇਹ ਆਪਣੀ ਸਰਕਾਰ ਐ ਨਾਂ!' ਮੈਂ ਵਿਅੰਗ ਵਿਚ ਕਿਹਾ।

'ਤਾਹੀਉਂ ਤਾਂ ਲੋਕ ਚੁਟਕੀ ਚੁਟਕੀ, ਬੂੰਦ ਬੂੰਦ ਨੂੰ ਤਰਸਦੇ ਫਿਰਦੇ ਨੇ। ਇਹਦੇ ਨਾਲੋਂ ਤਾਂ 'ਦੁਸ਼ਮਣ' ਦੀ ਸਰਕਾਰ ਚੰਗੀ ਸੀ। ਹਰ ਚੀਜ਼ ਕੌਡੀਆਂ ਦੇ ਭਾਅ ਮਿਲਦੀ ਸੀ। ਜਦ ਕਦੇ ਘਰ ਬਾਹਰ ਪੁਰਾਣੇ ਭਾਵਾਂ ਦੀ ਗੱਲ ਕਰੀਦੀ ਐ ਤਾਂ, ਸੁਣਨ ਵਾਲੇ ਝੂਠ ਮੰਨਦੇ ਨੇ। ਅੱਜ, ਲੋਕ ਨੋਟਾਂ ਦੀਆਂ ਦੱਥੀਆਂ ਲਈ ਫਿਰਦੇ ਨੇ, ਨਾ ਉਹਨਾਂ ਨੂੰ ਖਾਣ ਲਈ ਆਟਾ ਮਿਲਦੈ, ਨਾ ਘਿਉ

ਮਿਲਦੇ, ਨਾ ਤੇਲ ਤੇ ਨਾ ਚੀਨੀ। ਜੇ ਕੁਛ ਮਿਲਦਾ ਵੀ ਐ ਤਾਂ ਉਹ ਵੀ ਮਿਲਾਵਟ ਵਾਲਾ — ਸੋਨੇ ਦੇ ਭਾਅ.. ਸਰਕਾਰ 'ਗਰੀਬੀ ਹਟਾਉ' ਦਾ ਨਾਅਰਾ ਮਾਰਦੀ ਐ, 'ਗਾਂਧੀ-ਵਾਦ' ਦਾ ਨਾਅਰਾ ਮਾਰਦੀ ਐ। ਜੇ ਥੋੜਾ ਚਿਰ ਹੋਰ ਇਹ ਹਾਲਤ ਰਹੀ ਤਾਂ ਗਰੀਬ ਲੋਕ ਨੰਗ-ਭੁੱਖ ਹੱਥੋਂ ਮਰ ਜਾਣਗੇ — ਗਰੀਬੀ ਆਪੇ ਹਟ ਜੂ ਗੀ। ਜਦ ਲੋਕਾਂ ਨੂੰ ਕਪੜਾ ਨਾ ਮਿਲਿਆ ਤਾਂ ਲੋਕ ਆਪੇ ਲੰਗੋਟੀ ਲਾ ਲੈਣਗੇ। ਕਮਜ਼ੋਰ ਲੋਕਾਂ ਨੂੰ ਸਹਾਰਾ ਦੇਣ ਲਈ ਲੋਕ ਆਪ ਸੋਟੀਆਂ ਫੜ ਲੈਣਗੇ — ਲੋਕ ਆਪੇ ਗਾਂਧੀ ਦੇ ਚੇਲੇ ਬਣ ਜਾਣਗੇ।' ਮੇਰੇ ਸਾਥੀ ਦੀ ਗੱਲ ਵਿਚ ਇਕ ਬਹੁਤ ਵੱਡਾ ਵਿਅੰਗ ਸੀ।

ਭਾਵੇਂ ਮੈਨੂੰ ਮੇਰੇ ਸਾਥੀ ਦੀ ਇਹ ਗੱਲ ਬੁਰੀ ਲੱਗੀ ਸੀ, 'ਇਹਦੇ ਨਾਲੋਂ ਤਾਂ 'ਦੁਸ਼ਮਨ' ਦੀ ਸਰਕਾਰ ਚੰਗੀ ਸੀ' ਪਰ ਮੈਂ ਉਸ ਦੇ ਦੂਸਰੇ ਵਿਚਾਰਾਂ ਨਾਲ ਪੂਰਨ ਸਹਿਮਤ ਸਾਂ। ਉਸ ਨੇ ਫਿਰ ਕਹਿਣਾ ਸ਼ੁਰੂ ਕੀਤਾ, 'ਰਾਸ਼ਨ ਪਾਣੀ ਮਿਲਣਾ ਤਾਂ ਇਕ ਪਾਸੇ ਰਿਹਾ, ਲੋਕਾਂ ਦੀ ਅੱਖ ਚੋਂ ਤਾਂ ਸ਼ਰਮ ਈ ਉਡ ਗਈ ਐ। ਕਿਸੇ ਨੂੰ ਕਿਸੇ ਦੀ ਕੋਈ ਲਿਹਾਜ਼ ਨੀ। ਗੁੰਡਾਗਰਦੀ ਦੀ ਅੱਤ ਹੋ ਗਈ ਐ। ਵਾੜ ਈ ਖੇਤ ਨੂੰ ਖਾ ਰਹੀ ਐ। ਪੁਲੀਸ ਕਰਮਚਾਰੀਆਂ ਦੇ ਪੁੱਤ ਲੋਕਾਂ ਦੀਆਂ ਧੀਆਂ ਭੈਣਾਂ ਦੀਆਂ ਚੁੰਨੀਆਂ ਖਿਚਦੇ ਫਿਰਦੇ ਨੇ — ਦੁਨੀਆਂ ਗਰਕਣ ਤੇ ਆਈ ਐ' ਮੈਂ ਵੇਖਿਆ ਮੋਟਰ ਸਾਇਕਲ ਵਾਲਾ ਇਕ ਸ਼ੌਕੀਨ ਜਿਹਾ ਮੁੰਡਾ ਲਾਗੋਂ ਲੰਘ ਰਹੀ ਇਕ ਖ਼ੂਬਸੂਰਤ ਕੁੜੀ ਦੇ ਸਾਇਕਲ ਦੀ ਟੋਕਰੀ ਵਿਚ ਕੁਝ ਸੁੱਟ ਗਿਆ। ਮੋਟਰ ਸਾਇਕਲ ਦੀ ਬੈਕ ਬੱਤੀ ਹੇਠ 'ਪੁਲੀਸ' ਲਿਖਿਆ ਹੋਇਆ ਸੀ।

ਫਿਰ ਅਸੀਂ ਮੁੰਡਿਆਂ ਦੀਆਂ ਹਰਕਤਾਂ, ਫ਼ੈਸ਼ਨਾਂ, ਨਸ਼ੀਲੀਆਂ ਗੋਲੀਆਂ ਆਦਿ ਦੀ ਵਰਤੋਂ ਦੀਆਂ ਗੱਲਾਂ ਕਰਦੇ ਦਰਬਾਰ ਸਾਹਿਬ ਦੀ ਦਰਸ਼ਨੀ ਡਿਉਢੀ ਅੱਗੇ ਜਾ ਕੇ ਰੁਕੇ। ਅੰਦਰ ਜਾਣ ਤੋਂ ਪਹਿਲਾਂ ਅਸੀਂ ਚਾਹ ਪੀਣ ਲਈ ਇਕ ਸਿੰਘ ਸਾਹਿਬ ਦੀ ਦੁਕਾਨ ਤੇ ਜਾ ਬੈਠੇ। ਚਾਹ ਦਾ ਆਰਡਰ ਲੈ ਕੇ ਸਿੰਘ ਬੋਲਿਆ, 'ਭਾਈ ਸਾਹਿਬ ਉਂਞ ਤੁਹਾਡੇ ਕੋਲ ਟੁੱਟੇ ਪੈਸੇ ਹੈਨ?'

ਮੈਂ ਆਪਣੇ ਸਾਥੀ ਵਲ ਵੇਖਿਆ। ਉਹ ਬੋਲਿਆ, 'ਟੁੱਟੇ ਪੈਸੇ ਤਾਂ ਭਾਈ ਸਾਹਬ ਹੈ ਨ੍ਹੀ।'

'ਮੁਆਫ ਕਰਨਾ, ਫਿਰ ਚਾਹ ਤੁਸੀਂ ਕਿਸੇ ਹੋਰ ਥਾਂ ਤੋਂ ਪੀ ਲਉ।'

ਦੁਕਾਨ ਤੋਂ ਉਠਦਿਆਂ ਮੇਰੇ ਮਨ ਵਿਚ ਮੇਰੇ ਸਾਥੀ ਵਲੋਂ ਆਖੀ ਗੱਲ ਯਾਦ ਆ ਗਈ, 'ਲੋਕਾਂ ਦੀ ਅੱਖ ਚੋਂ ਸ਼ਰਮ ਈ ਉੱਡ ਗਈ ਐ।'

ਦੁਕਾਨ ਦੀਆਂ ਪੌੜੀਆਂ ਉਤਰਦਿਆਂ ਮੇਰੇ ਮੂੰਹੋਂ ਨਿਕਲਿਆ, 'ਇਹ ਵੀ ਆਪਣੀ ਸਰਕਾਰ ਦੀ ਈ ਕਿਰਪੈ'

ਪਰ ਸਿੰਘ ਸਾਹਬ ਪਿੱਛੋਂ ਆਖ ਰਿਹਾ ਸੀ, 'ਜੇ ਕੁਛ 'ਹੋਰ' ਚਾਹੀਦੈ ਤਾਂ ਆ ਜੋ।'

ਸਾਰੀ ਗੱਲ ਸਮਝਦਿਆਂ ਪਿਛੇ ਮੁੜ ਕੇ ਮੈਂ ਗਹਿਰੀਆਂ ਅੱਖਾਂ ਨਾਲ ਵੇਖਿਆ ਤੇ ਕਾਹਲੀ ਕਾਹਲੀ ਆਪਣੇ ਸਾਥੀ ਨਾਲ ਰਲ ਗਿਆ।

o

ਕਹਾਣੀ / **ਦੇਸੀ ਅੰਗਰੇਜ਼** / ਰਾਜਬੀਰ

ਔਹ ਵੇਖੋ!... ਕਾਲਾ ਸ਼ਾਹ ਧੂੰਆਂ ਮਕਾਨ 'ਚੋਂ ਉਠ ਰਿਹੈ। ਮਕਾਨ ਅੱਗ ਵਿਚ ਝੁਲਸ ਰਿਹੈ।

ਗਲੀ ਦੇ ਸਿਰੇ ਉਤੇ ਅਥਾਹ ਪੁਲਿਸ ਹੈ।

ਕੁਝ ਲੋਕ ਗਲੀ 'ਚ ਅੱਗੇ ਹੋ ਕੇ ਝੁਲਸ ਰਹੇ ਮਕਾਨ ਵਲ ਜੂਝ ਰਹੇ ਹਨ, ਪਰ ਪੁਲਿਸ ਉਹਨਾਂ ਨੂੰ ਫੜ ਫੜ ਤੜਫਾ ਰਹੀ ਹੈ। ਚੁਫੇਰੇ ਸ਼ੋਰ ਮੱਚਿਆ ਹੋਇਐ।

ਔਹ ਦੇਖੋ! ਝੁਲਸ ਰਹੇ ਮਕਾਨ ਦੀ ਇਕ ਖੁਲ੍ਹੀ ਖਿੜਕੀ ਵਿਚੋਂ ਮਕਾਨ ਅੰਦਰ ...। ਪੁਲਿਸ ਦਾ ਇਕ ਸਿਪਾਹੀ, ਘਰ ਦੀ ਇਕ ਔਰਤ ਨਾਲ ਜ਼ਬਰਦਸਤੀ ਖਿੱਚ-ਧੂਹ ਕਰ ਰਿਹੈ। ਦੇਖੋ! ਔਹ

ਕੁਝ ਲੋਕ ਇਸ ਜ਼ਬਰਦਸਤੀ ਬਾਰੇ ਪਤਾ ਨਹੀਂ ਕੀ ਸੋਚ ਰਹੇ ਹਨ। ਉਹ ਨਹੀਂ ਜਾਣਦੇ ਇਸ ਵੇਲੇ ਜ਼ਬਰਦਸਤੀ ਉਹਨਾਂ (ਪੁਲਿਸ) ਲਈ ਹੱਕ ਹੈ।

ਔਹ ਦੇਖੋ! ਮਕਾਨ ਦੀ ਦੂਸਰੀ ਖਿੜਕੀ ਵੱਲ, ਜਿਸ ਦੇ ਤਖਤੇ ਹੁਣੇ ਅੱਗ ਨੇ ਸਾੜ ਡੇਗੇ ਹਨ। ਦੇਖੋ... ਦੂਸਰਾ ਸਿਪਾਹੀ ਧੌਲੇ ਝਾਟਿਆਂ ਵਾਲੀ ਬੁੱਢੀ ਦੇ ਕਪੜੇ ਪਾੜ ਰਿਹੈ। ਲੋਕ ਪਤਾ ਨਹੀਂ ਕੀ ਸੋਚ ਰਹੇ ਨੇ ਜੁ ਘੜੀ ਮੁੜੀ ਅਗਾਂਹ ਵਧਣ ਦੀ ਖੇਚਲ ਕਰਕੇ ਡਾਂਗਾਂ ਖਾ ਰਹੇ ਨੇ। ਇਨ੍ਹਾਂ ਨੂੰ ਇਹ ਨਹੀਂ ਪਤਾ ਕਪੜਿਆਂ ਨੂੰ ਅੱਗ ਲੱਗ ਜਾਏ ਤਾਂ ਮੌਤ ਹੋ ਸਕਦੀ ਹੈ।

ਦੇਖੋ ... ਮਕਾਨ ਦੀ ਤੀਸਰੀ ਖਿੜਕੀ ਵਲ ਦੇਖੋ। ਅੱਗ ਦੀਆਂ ਲਾਟਾਂ ਤੋਂ ਪਰ੍ਹੇ ਦੂਰ ਇਕ ਛੱਤ ਨਾਲ ਲਟਕ ਰਹੇ ਝੂੰਗੂੜੇ 'ਚੋਂ ਬੱਚਾ ਉਠ ਉਠ ਚਿਲਾ ਰਿਹੈ।

ਚੁੱਪ! ਮਕਾਨ 'ਚੋਂ ਉੱਠਦੀਆਂ ਆਵਾਜ਼ਾਂ ਸੁਣੋ:

'ਮੈਂ ਤੇਰੀ ਭੈਣ ਹਾਂ ਪਾਗਲਾ, ਤੇਰੀ ਭੈਣ! ਕੁੱਤਿਆ! ਬੇਸ਼ਰਮਾਂ!!!'

'ਤੇਰੀ ਮਾਂ ਹਾਂ ਮੈਂ! ਕੰਜਰਾ!!'

ਮਾਸੂਮ ਬੱਚੇ ਦੀਆਂ ਚੀਕਾਂ ਸੁਣੋ ! ਕਿਵੇਂ ਚਿੱਲਾ ਰਿਹੈ।

ਪੁਲਿਸ ਦੇ ਸਿਪਾਹੀ ਆਪਣਾ 'ਕੰਮ' ਬੇਪਰਵਾਹੀ ਨਾਲ ਕਰੀ ਜਾ ਰਹੇ ਹਨ। ਅਜਿਹੇ ਮੌਕੇ 'ਬੇਪਰਵਾਹੀ' ਵੀ ਉਹਨਾਂ ਦਾ ਹੱਕ ਹੁੰਦੀ ਹੈ।

ਔਹ ਪੁਲਿਸ ਵੱਲ ਦੇਖੋ ! ਮਕਾਨ ਵਲ ਵਧ ਰਹੇ ਲੋਕਾਂ ਨੂੰ ਮਾਰ ਰਹੀ ਹੈ। ਲੋਕ ਮਕਾਨ ਵੱਲ ਜੂਝ ਰਹੇ ਹਨ।

ਔਹ ਦੇਖੋ, ਇਕ ਆਦਮੀ ਕਿੰਨੀ ਦੂਰ ਵਧ ਗਿਐ। ਉਫ਼ ! ਸਿਪਾਹੀ ਨੇ ਉਸ ਨੂੰ ਕਾਲਰਾਂ ਤੋਂ ਫੜ ਲਿਐ, 'ਕਿਧਰ ਜਾ ਰਿਹੈਂ ?'

'ਔਧਰ।' ਉਹਨੇ ਮਕਾਨ ਵਲ ਇਸ਼ਾਰਾ ਕੀਤਾ ਹੈ।

'ਅੱਗ ਵਲ ਜਾ ਰਿਹੈਂ, ਮਰਨੈਂ ?' ਸਿਪਾਹੀ ਨੇ ਉਸ ਨੂੰ ਕੁੱਟਣਾ ਸ਼ੁਰੂ ਕਰ ਦਿਤਾ ਹੈ।

ਕੁੱਟ ਖਾਂਦਾ ਆਦਮੀ ਚੀਕ ਉਠਿਆ ਹੈ, 'ਜ਼ਿੰਦਗੀ ਖ਼ਤਰੇ 'ਚ ਹੈ... ਇੱਜ਼ਤ ਖਤਰੇ 'ਚ ਹੈ... ਸਾਮਾਨ ਖਤਰੇ 'ਚ ਹੈ", ਉਹ ਹੋਰ ਚੀਕ ਉਠਿਆ ਹੈ, 'ਖਿੜਕੀਆਂ ਵਲ ਦੇਖੋ ... ਜ਼ਿੰਦਗੀ ! ਇਜ਼ਤ !! ਸਾਡਾ ਸਾਮਾਨ !!! ... ਸਭ ਨੂੰ ਖਤਰਾ ਹੈ।'

ਦੇਖੋ ... ਔਹ 'ਬਾਜ਼ਾਰ 'ਚ ਦੇਖੋ ! ਆਵਾਜਾਈ ਰੁਕ ਗਈ ਹੈ। ਬੇਸ਼ੁਮਾਰ ਲੋਕਾਂ ਦਾ ਜਲੂਸ ਆ ਰਿਹੈ।

'ਦੇਸੀ ਅੰਗਰੇਜ਼ !'

'ਮੁਰਦਾਬਾਦ !!'

'ਦੇਸੀ ਅੰਗਰੇਜ਼ !'

'ਮੁਰਦਾਬਾਦ !!'

ਬਹੁਤ ਸਾਰੀ ਪੁਲਿਸ ਜਲੂਸ ਦੇ ਮੋਹਰੀਆਂ ਦਾ ਡਾਂਗਾਂ ਨਾਲ ਸਿਰ ਫੇਹ ਰਹੀ ਹੈ। ਬਾਕੀ ਪੁਲਿਸ ਲੋਕਾਂ ਨੂੰ ਝੁਲਸਦੇ ਮਕਾਨ ਵਲ ਵਧਣੋਂ ਰੋਕ ਰਹੀ ਹੈ।

ਚੁਫੇਰੇ ਕਿੰਨਾ ਸ਼ੋਰ ਹੈ ! ਜਿਵੇਂ ਸਭ ਦੇ ਮਕਾਨਾਂ ਨੂੰ ਅੱਗ ਲੱਗ ਗਈ ਹੋਵੇ।

੦

ਕਹਾਣੀ / **ਅੰਤਰ** / ਟੇਕ ਰੱਤਨ

ਜੁਆਨੀ ਤੋਂ ਬੁਢਾਪੇ ਤਕ ਦਾ ਸਫ਼ਰ ਉਸ ਤਹਿ ਕਰ ਲਿਆ ਸੀ। ਭਾਵੇਂ ਉਸ ਦੇ ਘਰ ਵਾਲੇ ਨੂੰ ਮਰਿਆਂ ਇਕ ਲੰਮਾ ਅਰਸਾ ਹੋ ਚੁਕਿਆ ਸੀ। ਉਸ ਦਾ ਇਕੋ-ਇਕ ਮੁੰਡਾ ਜੰਗੀਰ ਸ਼ਹਿਰ ਵਿਚ ਨੌਕਰ ਸੀ। ਜੰਗੀਰ ਦੀ ਪੜ੍ਹਾਈ ਵਾਸਤੇ ਉਸ ਤੋਂ ਜੋ ਕੁਝ ਸਰਿਆ, ਉਸ ਕੀਤਾ। ਜੰਗੀਰ ਦੇ ਵਿਆਹ ਨੂੰ ਪੂਰਾ ਵਰ੍ਹਾ ਹੋ ਗਿਆ ਸੀ। ਉਸ ਦੇ ਘਰ ਵਾਲੀ ਇਕ ਬੱਚੇ ਦੀ ਮਾਂ ਬਣਨ ਵਾਲੀ ਸੀ। ਜੰਗੀਰ ਪਿੰਡੋਂ ਆਪਣੀ ਬੇਬੇ ਨੂੰ ਸ਼ਹਿਰ ਲੈ ਆਇਆ ਸੀ। ਬੇਬੇ ਦੇ ਸ਼ਹਿਰ ਆਉਣ ਤੋਂ ਕੁਝ ਪਿਛੋਂ ਹਰਿੰਦਰ ਨੂੰ ਜੰਮਣ-ਪੀੜਾਂ ਸ਼ੁਰੂ ਹੋ ਗਈਆਂ ਸਨ। ਬੇਬੇ ਚਾਈਂ ਚਾਈਂ ਘਰ ਦਾ ਸਾਰਾ ਕੰਮ ਕਰਦੀ ਰਹਿੰਦੀ। ਹੁਣ ਬੇਬੇ ਹਰਿੰਦਰ ਨੂੰ ਕੁਝ ਵੀ ਨਹੀਂ ਸੀ ਕਰਨ ਦੇਂਦੀ। ਬੇਬੇ ਨੂੰ ਸਭ ਕੁਝ ਚੰਗਾ ਚੰਗਾ ਲਗਦਾ ਸੀ। ਉਸ ਦੇ ਘਰ ਕੋਈ ਚਵ੍ਹੀਆਂ ਵਰ੍ਹਿਆਂ ਮਗਰੋਂ ਕਿਸੇ ਨਵੇਂ ਜੀਅ ਨੇ ਆਉਣਾ ਸੀ। ਤੇ ਜੰਗੀਰ ਹਸਪਤਾਲ ਦੇ ਮੈਟਰਨਿਟੀ-ਵਾਰਡ ਦੇ ਬਾਹਰ ਬੈਠਾ ਨਵੇਂ ਆਉਣ ਵਾਲੇ ਜੀਅ ਦੇ ਮੁਹਾਂਦਰੇ ਦੀ ਕਲਪਣਾ ਕਰ ਰਿਹਾ ਸੀ ਕਿ—

'ਸਰਦਾਰ ਜੀ ! ਵਧਾਈਆਂ ! ... !' ਨਰਸ ਦੀ ਤਿੱਖੀ ਪਰ ਮਿੱਠੀ ਆਵਾਜ਼ ਨੇ ਜੰਗੀਰ ਨੂੰ ਚੌਂਕਾ ਦਿਤਾ।

ਵਧਾਈਆਂ ! ਹਾਸੇ ! ਲੱਡੂ ! ਪਾਰਟੀਆਂ !

ਬਹੁਤ ਕੁਝ ਉਪਰੋਥਲੀ ਹੁੰਦਾ ਰਿਹਾ ਸੀ। ਤੇ ਕੁਝ ਦਿਨਾਂ ਮਗਰੋਂ ਜੰਗੀਰ ਦੀ ਜ਼ਿੰਦਗੀ ਦੀ ਗੱਡੀ ਉਸੇ ਪੁਰਾਣੀ ਲੀਹ ਤੇ ਆਉਣ ਜਾਣ ਲਗ ਪਈ ਸੀ।

ਉਹੀ ਨਿੱਕਾ ਜਿਹਾ ਕਮਰਾ। ਨਾਲ ਲੱਗਵੀਂ ਰਸੋਈ ਜਿਥੇ ਬੇਬੇ ਰੋਟੀ-ਟੁਕ ਮਗਰੋਂ ਆਪਣੀ ਮੰਜੀ ਡਾਹ ਛੱਡਦੀ। ਜੰਗੀਰ ਤੇ ਹਰਿੰਦਰ ਦੇ ਕਮਰੇ ਵਿਚ ਹੁਣ ਇਕ ਨਿੱਕੀ ਜਿਹੀ ਪੰਘੂੜੀ ਵੀ ਡਹਿਣ ਲੱਗ ਪਈ ਸੀ।

'ਇਹ ਬੜੀ ਮਾਂ ਐ, ਆਲ੍ਹਣੇ ਦੇ ਬੋਟ ਵਰਗੀ ਨਿੱਕੀ ਜਿਹੀ ਜਿੰਦ ਨੂੰ ਅੱਡ ਪਾ ਛੱਡਦੀ ਐ। ਅਖੇ ਬਿਸਤਰਾ ਗਿੱਲਾ ਹੋ ਜਾਂਦੈ ! ਛਾਤੀ ਨਾਲ ਲਾ ਕੇ ਦੁੱਧ ਚੁੰਘਾਉਂਦੀ ਨੀ ਮੈਂ ਤਾਂ ਦੇਖੀ ਕਿਤੇ। ਸਾਰਾ ਦਿਨ ਉਹਦੇ ਮੂੰਹ 'ਚ ਤੂਤਣੀ ਜੀ ਦੇਈ ਰੱਖਦੀ ਐ...' ਬੇਬੇ ਸੋਚਦੀ।

ਰੋਜ਼ ਰੋਜ਼ ਦੀ ਕੁੜ ਕੁੜ ਕਰਕੇ ਹਰਿੰਦਰ ਨੂੰ ਲੱਗਦਾ, ਜਿਵੇਂ ਉਸ ਦੇ ਪਿੰਡੇ 'ਤੇ ਅੱਕ ਦੇ ਦੁੱਧ ਨਾਲ ਕਿਸੇ ਨੇ ਕੋਈ ਖੰਭ ਚੰਬੇੜ ਦਿਤਾ ਹੋਵੇ।

ਜੰਗੀਰ ਨੂੰ ਰੋਜ਼ ਦਾ ਕਲੇਸ਼ ਚੰਗਾ ਨਾ ਲੱਗਦਾ।

'ਰਿੰਦਰੇ ! ਨੀ ਰਿੰਦਰੇ !! ਆਹ ਮੁੰਡਾ ਰੋਈ ਜਾਂਦੈ। ਇਹਨੂੰ ਦੁੱਧ ਚੁੰਘਾ ਆਪਣਾ, ਕੀ ਇਹ ਤੂਤਣੀ ਜਿਹੀ ... ਤਾਂ ਹੀ ਤਾਂ ਮੁੰਡਾ ਫੁੱਲਦਾ ਨੀ ਕੁਝ। ਵਿਚੇ ਵਿਚ ਧਸੀ ਜਾਂਦੈ...' ਸੁਣ ਕੇ ਕਈ ਵਾਰ ਤਾਂ ਜੰਗੀਰ ਨੂੰ ਲੱਗਿਆ ਸੀ ਬੇਬੇ ਪਿੰਡ ਚਲੀ ਜਾਵੇ ਤਾਂ ਠੀਕ ਐ। ਪਰ ਅੱਜ ਜਦ ਹਰਿੰਦਰ ਨੇ 'ਲੰਗਰ ਸਮਝ ਰਖਿਐ...ਰਾਮ-ਚੌਣਾ 'ਕੱਠਾ ਹੋ ਗਿਆ ... ਮੈਥੋਂ ਨਹੀਂ ਪੱਕਦਾ ਰੋਜ਼ ਥੱਬਾ ਰੋਟੀਆਂ ਦਾ।' ਬੇਬੇ ਨੂੰ ਕਿਹਾ ਤਾਂ ਉਸ ਨੂੰ ਧੁੜਧੁੜੀ

ਜਿਹੀ ਆ ਗਈ। ਉਹ ਕੁਝ ਬੋਲਦਾ, ਇਸ ਤੋਂ ਪਹਿਲਾਂ ਹੀ ਬਾਹਰੋਂ ਅਵਾਜ਼ਾਂ ਆਉਣੀਆਂ ਸ਼ੁਰੂ ਹੋਈਆਂ—

'ਆ ਨਿਕਲ ਬਾਹਰ ਓਏ ! ਵੱਡਿਆ ਘੀਲਿਆ ! ਆ ਮਾਂ ਦਾ ਦੁੱਧ ਚੁੰਘਿਆ ਏ ਤਾਂ..." ਸ਼ਾਇਦ ਕਿਸੇ ਨੂੰ ਕੋਈ ਵੰਗਾਰ ਰਿਹਾ ਸੀ।

ਭੱਜ ਕੇ ਉਹ ਬਾਹਰ ਜਾਣ ਲੱਗਾ। ਬੂਹੇ ਮੂਹਰੇ ਖੜੀ ਹਰਿੰਦਰ ਆਪਣੀਆਂ ਅੱਧ-ਕੱਜੀਆਂ ਛਾਤੀਆਂ ਨੂੰ ਲੁਕਾਉਂਦੀ ਕਮਰੇ ਵੱਲ ਪੰਘੂੜੇ ਤੇ ਪਏ ਰੋ ਰਹੇ ਮੁੰਡੇ ਵੱਲ ਆ ਰਹੀ ਸੀ।

o

ਕਹਾਣੀ / **ਰੇਤਲੀ ਕੰਧ** / ਜਸਵੀਰ ਪਾਲ 'ਜਸੀ'

ਤ੍ਰਿਕਾਲਾਂ ਢਲਦਿਆਂ ਹੀ ਸੂਰਜ ਨੇ ਆਪਣਾ ਮੂੰਹ ਪੱਛਮ ਦੀ ਗੋਦ ਵਿੱਚ ਛੁਪਾ ਲਿਆ। ਤ੍ਰਿਕਾਲਾਂ ਦਾ ਘੁਸਮਸਾ ਚਾਰੇ ਪਾਸੇ ਫੈਲ ਗਿਆ। ਥੱਕੇ ਹਾਲੀ ਘਰਾਂ ਨੂੰ, ਪੰਛੀ ਆਲ੍ਹਣਿਆਂ ਨੂੰ ਤੇ ਮੁਸਾਫ਼ਰ ਮੰਜ਼ਲ ਵੱਲ ਨੂੰ ਰਵਾਂ ਰਵੀ ਪਹੁੰਚ ਰਹੇ ਸਨ। ਨਦੀਆਂ ਦੀ ਰਵਾਨੀ ਵੀ ਪਲ ਦੀ ਪਲ ਰੁਕ ਗਈ। ਤੇ ਇਸ ਸ਼ਾਂਤ ਵਾਤਾਵਰਣ ਵਿੱਚ ਮੰਦਰਾਂ ਤੇ ਗੁਰਦੁਆਰਿਆਂ ਦੀਆਂ ਘੰਟੀਆਂ ਤੇ ਸੰਖਾਂ ਨੇ ਅਣੋਖਾ ਰੰਗ ਬੰਨ੍ਹ ਦਿੱਤਾ।

ਪਸੀਨੇ ਨਾਲ ਭਰ ਹੋਏ ਨਾਮੇ ਕਹੀ ਹਥੋਂ ਰੱਖੀ, ਤੇ ਬਿੰਦ ਕੁ ਬਰੋਟੇ ਥੱਲੇ ਆ ਕੇ ਬਹਿ ਗਿਆ। ਆਸੇ ਪਾਸੇ ਇਕ ਉਚਟਵੀਂ ਨਜ਼ਰ ਸੁੱਟੀ। ਚਾਰੇ ਪਾਸੇ ਹਨੇਰਾ ਉਹਨੂੰ ਚੰਗਾ ਚੰਗਾ ਲਗਿਆ, ਜਿਵੇਂ ਉਹ ਵੀ ਉਹਦਾ ਜੀਵਨ ਸਾਥੀ ਹੁੰਦਾ ਹੈ।

ਰੋਜ਼ ਦੀ ਤਰ੍ਹਾਂ ਉਹ ਅੱਜ ਪਹੁ ਫੁਟਣ ਤੋਂ ਪਹਿਲਾਂ ਦਾ ਕੰਮ ਕਰਦਾ ਪਿਆ ਸੀ, ਸਵੇਰੇ ਘੁਟ ਚਾਹ ਨਾਲ ਦੋ ਸੁਕੀਆਂ ਰੋਟੀਆਂ ਉਹਦਾ ਨਾਸ਼ਤਾ ਸਨ। ਦੁਪਿਹਰ ਦੀ ਰੋਟੀ ਉਹਦੇ ਜੀਵਨ ਤੋਂ ਵੀ ਵੱਧ ਸੁੱਕੀ ਸੀ। ਫਿਰ ਵੀ ਪਲ ਭਰ ਉਹਨੇ ਕਹੀ ਹੱਥੋਂ ਨਹੀਂ ਸੀ ਛੱਡੀ। ਮਿੰਟ ਭਰ ਅਰਾਮ ਨਹੀਂ ਸੀ ਕੀਤਾ। ਅਰਾਮ......। ਉਹਦੇ ਜੀਵਨ ਵਿਚ ਨਹੀਂ। ਇਹ ਤੇ ਕਿਸੇ ਹੋਰ ਦੀ ਧਰੋਹਰ ਸੀ। ਤੇ ਉਹਨੂੰ ਉਹ ਦਿਨ ਯਾਦ ਆਇਆ ਜਦੋਂ ਬਹੁਤ ਥੱਕ ਜਾਣ ਕਰਕੇ ਮਿੰਟ ਕੁ ਲਈ ਬਹਿ ਗਿਆ ਸੀ। ਉੱਤੋਂ ਸਰਦਾਰ ਆ ਗਿਆ।

"ਨਾਮੇ ਕੀ ਗੱਲ ਬੈਠਾ ਹੈਂ।"

"ਜੀ ਬੱਸ ਪੱਲ ਕੁ ਸਾਹ ਲੈਣ ਬੈਠਾ ਸੀ।"

"ਹੂੰ ਨਵਾਬਜ਼ਾਦਾ ਸਵੇਰ ਦਾ ਭੈੜਾ ਕੰਮ ਨਹੀਂ ਕੀਤਾ, ਸਾਹ ਲੈਣ ਨੂੰ ਕਿੰਨੀ ਆਖ਼ਰ ਆਈ ਏ, ਤੇ ਲੈਣ ਵੇਲੇ ਮੰਗਦੇ ਨੇ ਬੁੱਕ ਰੁਪਈਆਂ ਦਾ। ..... ਪੈਸੇ ਦਰਖਤਾਂ ਨਾਲ ਲੱਗਦੇ ਆ ਨਾ .....।

ਤੇ ਹੋਰ ਪਤਾ ਨਹੀਂ ਕੀ ਕੀ ਸੁਣਾਵਤਾਂ ਸੁੱਟਦਾ ਸਰਦਾਰ ਗਿਆ ਸੀ। ਨਾਮੇ ਨੇ ਭਰੇ ਦਿਲ ਨਾਲ ਸਭ ਕੁਝ ਸੁਣਿਆ ਸੀ। ਇਕ ਸ਼ਬਦ ਉਸਦੇ ਮੂੰਹੋਂ ਨਹੀਂ ਸੀ ਨਿਕਲਿਆ। ਇਕ ਹੌਕਾ ਭਰ ਕੇ ਉਹ ਮੁੜ ਕੰਮ ਲੱਗ ਗਿਆ ਸੀ।

ਤੇ ਨਾਮਾ ਸੋਚ ਰਿਹਾ ਸੀ, ਸਰਦਾਰ ਨੇ ਅੱਜ ਫਿਰ ਪੈਸੇ ਨਹੀਂ ਦਿਤੇ। ਬੱਚਿਆਂ ਤੇ ਵਹੁਟੀ ਦੀਆਂ ਅੱਖਾਂ ਦਰਵਾਜ਼ੇ ਤੇ ਲੱਗੀਆਂ ਹੋਣਗੀਆਂ। ਪਤਾ ਨਹੀਂ ਦਿਲ ਵਿਚ ਕੀ ਕੀ ਉਮੰਗਾਂ ਹੋਣਗੀਆਂ। ਉਹ ਘਰ ਕਿਵੇਂ ਜਾਵੇ। ਉਂਜ ਨਾਮੇ ਨੇ ਕਦੇ ਆਪ ਪੈਸੇ ਮੰਗਣ ਦੀ ਹਿੰਮਤ ਨਹੀਂ ਸੀ ਕੀਤੀ, ਜਦੋਂ ਸਰਦਾਰ ਦਾ ਜੀ ਕਰਦਾ ਸੀ, ਦੇ ਛੱਡਦਾ ਸੀ।

ਆਖ਼ਰ ਕਸੀਸ ਵੱਟ ਕੇ ਘਰ ਨੂੰ ਤੁਰ ਪਿਆ। ਬੀਹੀ ਵੜਦਿਆਂ ਹੀ ਵੱਡੀ ਕੁੜੀ ਮਿਲ ਗਈ।

"ਬਾਪੂ"

"ਹਾਂ ਮੁੰਨੋ"

"ਬਾਪੂ ਕਾਕੇ ਨੂੰ ਸਵੇਰ ਦਾ ਬੁਖ਼ਾਰ ਚੜ੍ਹਿਆ ਹੋਇਆ ਹੈ। ਮਾਂ ਕਹਿੰਦੀ ਸੀ, ਬਾਪੂ ਆਵੇਗਾ ਤਾਂ ਦੁਆ ਲਿਆਣਗੇ।"

"ਅੱਛਾ ਤੂੰ ਘਰ ਚੱਲ" ਭਰੇ ਦਿਲ ਨਾਲ ਮਸਾਂ ਉਹਦੇ ਕੋਲੋਂ ਇੰਨੀ ਗੱਲ ਨਿਕਲੀ। ਉਹਦੇ ਮਨ ਵਿਚ ਹੂਕ ਉੱਠੀ। ਅੱਖਾਂ ਵਿੱਚ ਅਥਰੂ ਆ ਗਏ। ਪੈਰਾਂ ਦਾ ਖੜਾਕ ਸੁਣ ਕੇ ਅੰਦਰੋਂ ਉਹਦੀ ਘਰ ਵਾਲੀ ਬੋਲੀ।

"ਤੁਸੀਂ ਆ ਗਏ ਮੈਂ ਡੀਕਦੀ ਹੀ ਪਈ ਸੀ... "

"ਕਾਕਾ ਕਿੱਥੇ ਆ" ਪੂਰੀ ਗੱਲ ਸੁਣੇ ਬਿਨਾ ਹੀ ਬੋਲਿਆ। ਉਹ ਵੀ ਸਮਝ ਗਈ ਕਿ ਉਸਨੂੰ ਪਤਾ ਲੱਗ ਚੁੱਕਾ ਹੈ।

"ਜੀ ਅੰਦਰ ਆ"

ਅੰਦਰ ਕਾਕਾ ਇਕ ਟੁੱਟੀ ਮੰਜੀ ਤੇ ਲੰਮਾ ਪਿਆ ਸੀ। ਬੁਖ਼ਾਰ ਨਾਲ ਉਸਦਾ ਸਰੀਰ ਭੱਠੀ ਵਾਂਗ ਭੱਖਦਾ ਪਿਆ ਸੀ। ਬਿਨਾ ਵਹੁਟੀ ਨੂੰ ਦੱਸੇ ਉਹ ਵਾਪਸ ਪਰਤ ਪਿਆ। ਕਾਕੇ ਦੀ ਹਾਲਤ ਉਸ ਤੋਂ ਦੇਖੀ ਨਹੀਂ ਗਈ। ਸਰਦਾਰ ਤੋਂ ਅੱਜ ਉਹ ਪੈਸੇ ਜ਼ਰੂਰ ਲਵੇਗਾ। ਕਾਮਿਆਂ ਦੀ ਪੱਤੀ ਪਿੰਡ ਤੋਂ ਬਾਹਰ ਵਾਰ ਸੀ। ਰਸਤੇ ਵਿਚ ਹੀ ਉਸਨੂੰ ਸਰਦਾਰ ਮਿਲ ਗਿਆ।

"ਸਤਿ ਸ੍ਰੀ ਅਕਾਲ ਜੀ", ਨਾਮੇ ਨੇ ਕੋਲ ਆਕੇ ਹੌਲੀ ਜਿਹੀ ਕਿਹਾ।

"ਸਾ ਸਰੀ ਕਾਲ", ਸਰਦਾਰ ਨੇ ਬੁੱਲ੍ਹਾਂ ਵਿਚ ਹੀ ਕਿਹਾ। ਨਾਮੇ ਨੂੰ ਦੇਖ ਕੇ ਸਰਦਾਰ ਦੀਆਂ ਅੱਖਾਂ ਵਿਚ ਇਕ ਚਮਕ ਜਿਹੀ ਆ ਗਈ। ਤੇ ਬੋਲਿਆ,

"ਸੁਣਾ ਭਈ ਕਿਧਰ ਚਲਿਆ"

"ਜੀ ਤੁਹਾਡੇ ਕੋਲ ਹੀ ਚਲਿਆ ਸੀ", ਨਾਮੇ ਨੇ ਝਕਦਿਆਂ ਝਕਦਿਆਂ ਕਿਹਾ, "ਜੀ ਕਾਕਾ ਬੀਮਾਰ ਸੀ, ਮੈਂ ਕਿਹਾ ਚਲੋ ਸਰਦਾਰ ਹੋਰਾਂ ਤੋਂ ਕੁਝ ਪੈਸੇ ਲੈ ਆਵਾਂ।

"ਓ ਕੋਈ ਨੀ, ਤੇਰਾ ਆਪਣਾ ਘਰ ਹੈ, ਜਦੋਂ ਜੀ ਆਵੇ", ਕਹਿੰਦਿਆਂ ਸਰਦਾਰ ਨੇ ਦਸਾਂ ਦਸਾਂ ਦੇ ਤਿੰਨ ਚਾਰ ਨੋਟ ਉਹਦੀ ਹਥੇਲੀ ਤੇ ਰੱਖ ਦਿੱਤੇ।

ਨਾਮਾ ਭੌਂਚਕਾ ਰਹਿ ਗਿਆ, ਇਹ ਮੋਈ ਮੱਖੀ ਹਥੋਂ ਨਾ ਛੱਡਣ ਵਾਲਾ ਸਰਦਾਰ ਅੱਜ ਇੰਨਾ ਦਿਆਲ ਕਿਉਂ। ਨੋਟ ਫੜ ਕੇ ਅਨਮਨੇ ਹੀ ਉਹ ਤੁਰਨ ਲੱਗਾ ਤਾਂ ਸਰਦਾਰ ਨੇ ਕਿਹਾ।

"ਨਾਮੇ ਠਹਿਰ ਇਕ ਕੰਮ ਆਂ"

"ਜੀ ਦਸੋ, ਮੈਂ ਤਾਂ ਹਰ ਵੇਲੇ ਸੇਵਾ ਲਈ ਤਿਆਰ ਆਂ"

"ਦੇਖ ਫਿਰ ਨਾਂਹ ਨਾ ਕਰ ਦਈ, ਜਰਾ ਖਤਰਨਾਕ ਕੰਮ ਆ"

"ਜੀ ਇਕ ਵਾਰ ਕਹੋ ਤਾਂ ਸਹੀ, ਫਿਰ ਦੇਖਾਂਗਾ", ਨਾਮਾ ਸੋਚ ਰਿਹਾ ਸੀ, ਅੱਜ ਸਰਦਾਰ ਇਹ ਆਲ ਮਟੋਲੀਆਂ ਜਿਹੀਆ ਕੀ ਮਾਰ ਰਿਹਾ ਹੈ। ਇਹ ਤੇ ਕਦੇ "ਓਏ ਨਾਮੇ, ਇਹ ਕਰ, ਉਹ ਕਰ" ਤੋਂ ਸਿਵਾ ਗੱਲ ਨਹੀਂ ਸੀ ਕਰਦਾ।

"ਅੱਛਾ ਠੀਕ ਹੈ", ਸਰਦਾਰ ਨੇ ਨਾਮੇ ਦੀ ਵਫ਼ਾਦਾਰੀ ਭਾਂਪ ਲਈ ਸੀ। "ਤੂੰ ਉਹ ਕਰਤਾਰੇ ਦੇ ਮੁੰਡੇ ਨੂੰ ਜਾਣਦਾ ਆ, ਜਿਹੜਾ ਸ਼ਹਿਰ ਪੜ੍ਹ ਕੇ ਆਇਆ ਹੈ। ਕੀ ਨਾਂ ਉਹਦਾ — ਹਾਂ ਹਰਮੋਹਨ"

"ਜੀ ਹਾਂ, ਉਹ ਤੇ ਬੜਾ ਚੰਗਾ ਮੁੰਡਾ ਆਂ, ਬੜੀਆਂ ਚੰਗੀਆਂ ਗੱਲਾਂ ਦਸਦਾ ਹੁੰਦਾ ਆ, ਕੱਲ੍ਹ ਕਹਿੰਦਾ ਸੀ, ੧੫ ਤਰੀਕ ਨੂੰ ਦੇਸ਼ ਅਜ਼ਾਦ ਹੋਣ ਵਾਲਾ ਆ।"

"ਓਏ ਤੈਨੂੰ ਨਹੀਂ ਪਤਾ, ਉਹ ਬੜਾ ਖਰਾਬ ਆ, ਅੱਜ ਕੱਲ੍ਹ ਮੇਰੇ ਵਿਰੁਧ ਸਾਜ਼ਸ਼ਾਂ ਕਰ ਰਿਹਾ ਹੈ, ਲੋਕਾਂ ਨੂੰ ਭੜਕਾ ਰਿਹਾ ਹੈ, ਅਖੇ ਜੀ ਲੋਕਾਂ ਨੂੰ ਲੁਟਦਾ ਹੈ, ਥੋੜੇ ਪੈਸੇ ਦੇ ਕੇ ਜ਼ਿਆਦਾ ਕੰਮ ਕਰਾਉਂਦਾ ਹੈ।"

"ਜੀ ਨਹੀਂ ਉਹ ਤੇ......" ਨਾਮੇ ਨੇ ਕੁਝ ਕਹਿਣਾ ਚਾਹਿਆ, ਪਰ ਸਰਦਾਰ ਵਿਚੋਂ ਬੋਲ ਪਿਆ।

"ਓਏ ਤੂੰ ਚੁਪ ਰਹਿ, ਸੁਣ ਦੋ ਟੁਕ ਗੱਲ ਆ। ੫੦੦ ਰੁਪਈਆ ਹੋਗ।" ਸਰਦਾਰ ਨੇ ਇਕ ਚਾਕੂ ਦਿਖਾਦਿਆਂ ਕਿਹਾ,

"ਤੇ ਉਸ ਬਦਲੇ ਇਹ ਚਾਕੂ ਕੱਲ ਤੱਕ ਉਸ ਦੀ ਛਾਤੀ ਵਿਚ ਖੁਭਾ ਹੋਣਾ ਚਾਹੀਦਾ ਹੈ।

"ਜੀ — ਨਹੀਂ, ਮੈਥੋਂ ਇਹ ਨਹੀਂ ਹੋ ਸਕਦਾ।"

"ਨਹੀਂ! — ਕਿਉਂ ਨਹੀਂ ? ਦੇਖ ਦੁਨੀਆਂ ਦੀ ਕੋਈ ਤਾਕਤ ਤੇਰੀ ਜਾਂ ਮੇਰੀ ਹਵਾ ਵੱਲ ਨਹੀਂ ਤੱਕ ਸਕੇਗੀ। ਐਸ਼ ਕਰੇਂਗਾ।

"ਜੀ ਫਿਰ ਵੀ ਮੈਥੋਂ ਬੇਗੁਨਾਹ ਦਾ ਕਤਲ ਨਹੀਂ ਹੋ ਸਕਦਾ।"

"ਚੁਪ — ਕਮੀਨੇ ਕੱਲ ਤੱਕ ਇਹ ਹੋਣਾ ਚਾਹੀਦਾ, ਨਹੀਂ ਤੇ ਕੱਲ ਤੱਕ ਜੇਲ੍ਹ ਦੀ ਹਵਾ ਖਾਏਂਗਾ।"

ਨਾਮੇ ਨੂੰ ਪਤਾ ਨਹੀਂ ਕਿਥੋਂ ਕਹਿਰਾਂ ਦਾ ਜੋਸ਼ ਚੜ੍ਹਿਆ ਕੜਕ ਕੇ ਬੋਲਿਆ,

ਠਹਿਰ ਕੁੱਤੇ ਕਮੀਨੇ, ਨਾਲ ਹੀ ਕਹੀ ਦੇ ਦਸਤੇ ਨੂੰ ਫੜਨ ਵਾਲੇ ਮਜ਼ਬੂਤ ਹੱਥਾਂ ਨੇ ਗਰਦਨ ਨੂੰ ਫੜ ਲਿਆ। ਪਲ ਦੀ ਪਲ ਸਰਦਾਰ ਤੜਫਿਆ। ਅੱਖਾਂ ਟੱਡੀਆਂ ਦੀਆਂ ਟੱਡੀਆਂ ਰਹਿ ਗਈਆਂ। ਗੰਦਗੀ ਦਾ ਕੀੜਾ ਮਿੱਟੀ ਵਿਚ ਮਿਲ ਚੁਕਾ ਸੀ। ਰਾਤ ਦੇ ਹਨੇਰੇ ਵਿਚ ਨੋਟਾਂ ਨੂੰ ਹੱਥ ਵਿਚ ਘੁੱਟੀ ਠੰਢੇ ਦਿਲ ਨਾਲ ਨਾਮਾ ਘਰ ਜਾ ਰਿਹਾ ਸੀ।

o

# ਪਾਠਕ ਲੇਖਕ ਫੋਰਮ

## ਸਿਧਾਂਧਕ

## ਅਸਪਸ਼ਟਤਾ + ਕਰ ਅਰਬਾਦ = ਟਰਾਟਸਕੀਵਾਦ

—ਸੁਖਦੀਪ

['ਸਰਦਲ' ਫ਼ਰਵਰੀ 1974, ਦੇ ਅੰਕ ਵਿਚ ਪ੍ਰੀਤਮ ਸਿੰਘ ਗਿੱਲ ਦਾ ਚਿੱਲੀ ਬਾਰੇ ਇਕ ਲੇਖ ਛਪਿਆ ਸੀ, ਜਿਸ ਵਿਚ ਟਰਾਟਸਕੀ ਦੀ ਮਾਰਕਇਜ਼ਮ-ਲੈਨਿਨਇਜ਼ਮ ਦੀ ਸਾਇੰਸ ਵਿਚ ਕੁਝ ਦੇਣ ਬਾਰੇ ਜ਼ਿਕਰ ਸੀ। ਇਸ ਲੇਖ ਦੇ ਪ੍ਰਤੀਕਰਮ ਵਿਚ ਟਰਾਟਸਕੀਇਜ਼ਮ ਬਾਰੇ ਇਕ ਵਾਦ-ਵਿਵਾਦ 'ਸਰਦਲ' ਦੇ ਪਾਠਕ ਲੇਖਕ ਫੋਰਮ ਵਿਚ ਸ਼ੁਰੂ ਹੋਇਆ ਹੈ। ਇਸ ਸਿਲਸਿਲੇ ਵਿਚ ਕੁਝ ਟਿੱਪਣੀਆਂ ਅਸੀਂ ਇਸ ਅੰਕ ਵਿਚ ਵੀ ਛਾਪ ਰਹੇ ਹਾਂ। ਸਾਡੀ ਇਹ ਚਾਹ ਹੈ ਕਿ ਇਸ ਵਾਦਵਿਵਾਦ ਨੂੰ ਸਿਰਫ ਵਾਦਵਿਵਾਦ ਲਈ ਅਗੇ ਨਾ ਤੋਰਿਆ ਜਾਏ, ਸਗੋਂ ਇਸ ਨੂੰ ਠੋਸ ਮਿਸਾਲਾਂ ਦੇ ਕੇ ਸਮਕਾਲੀ ਸਥਿਤੀ ਉਤੇ ਲਾਗੂ ਕਰ ਕੇ ਦਸਿਆ ਜਾਏ। ਸਮਕਾਲੀ ਸਥਿਤੀ ਵਿਚ ਵਿਸ਼ੇਸ਼ ਕਰ ਕੇ

ਭਾਰਤ ਵਿਚ ਇਨਕਲਾਬ ਦਾ ਪੈਂਤੜਾ ਮਿਥਨ ਬਾਰੇ ਜੇ ਇਸ ਵਾਦਵਿਵਾਦ ਦਾ ਯਤਨ ਹੋਵੇ ਤਾਂ ਉਹ ਹਰ ਵੀ ਚੰਗਾ ਹੋਵੇਗਾ। ਪਾਠਕ ਲੇਖਕ ਫੋਰਮ ਵਿਚ ਲਿਖਣ ਵਾਲੇ ਲੇਖਕਾਂ ਅਗੇ ਬੇਨਤੀ ਹੈ ਕਿ ਉਹ ਇਸ ਗੱਲ ਦਾ ਧਿਆਨ ਰੱਖਣ। —ਸੰਪਾਦਕ]

'ਸਰਦਲ' ਦੇ ਜੂਨ ਅੰਕ ਵਿਚ, ਪਾਸ਼ ਵਲੋਂ ਟਰਾਟਸਕੀ ਅਤੇ ਉਸ ਦੀ ਵਿਚਾਰਧਾਰਾ ਦੇ ਮਗਰਲੇ ਵਿਕਾਸ' ਦੇ 'ਡੂੰਘੇ ਅਧਿਅਨ' ਤੋਂ ਬਾਦ ਅਤੇ ਸੁਰਜੀਤ ਗਿੱਲ ਦੀ ਟਰਾਟਸਕੀਬਾਦ ਬਾਰੇ 'ਸੌੜੀ' ਤੇ 'ਵਗੁੱਤੀ' ਸਟੇਟਮੈਂਟ ਤੋਂ ਹੋਏ ਦੁੱਖ ਦੇ ਪ੍ਰਤੀਕਰਮ ਵਜੋਂ, ਉਸ ਦੀ ਟਰਾਟਸਕੀਵਾਦ ਬਾਰੇ 'ਵਿਸ਼ਾਲ' ਅਤੇ 'ਗੰਭੀਰ' ਸਟੇਟਮੈਂਟ ਪੜ੍ਹ ਕੇ, ਪੰਜਾਬ ਦੀ ਕਮਿਊਨਿਸਟ ਇਨਕਲਾਬੀ ਲਹਿਰ ਨਾਲ ਜੁੜੇ ਸਾਧਾਰਨ ਪਰ ਦਿਆਨਤਦਾਰ ਸਾਥੀਆਂ ਨੂੰ ਹੈਰਾਨੀ ਵੀ ਹੋਈ ਹੋਵੇਗੀ ਅਤੇ ਦੁੱਖ ਵੀ। ਇਸ ਹਾਲਤ ਵਿਚ ਬਹੁਤ ਸਾਰੇ ਸਾਥੀਆਂ ਵਲੋਂ ਗੁਸੇ ਅਤੇ ਗਾਲ੍ਹਾਂ ਭਰੀਆਂ ਚਿੱਠੀਆਂ ਆਉਣੀਆਂ ਸੁਭਾਵਿਕ ਹਨ, ਪਰ ਮੇਰੇ ਖਿਆਲ 'ਚ ਪਾਸ਼ ਅਤੇ ਉਸ ਵਰਗੇ ਦੋ ਚਾਰ ਹੋਰ ਮੱਧਵਰਗੀ ਸਾਹਿਤਕਾਰਾਂ ਦੇ ਦਿਲਾਂ 'ਚ, ਸੰਸਾਰ ਪ੍ਰੋਲਤਾਰੀਆਂ ਦੇ ਮਹਾਨ ਆਗੂ — ਸਟਾਲਿਨ — ਪ੍ਰਤੀ ਉਪਜੀ ਨਫਰਤ ਅਤੇ ਅੰਤਰਰਾਸ਼ਟਰੀ ਕਮਿਊਨਿਸਟ ਲਹਿਰ ਦੇ ਸ਼੍ਰੋਮਣੀ ਗ਼ਦਾਰ — ਟਰਾਟਸਕੀ — ਪ੍ਰਤੀ ਉਪਜਿਆ ਹੇਜ, ਇਕ ਅਜਿਹੀ ਘਟਨਾ ਜਿਹੜੀ ਅਫ਼ਸੋਸਨਾਕ, ਪਰ ਪੰਜਾਬ ਦੀ ਕਮਿਊਨਿਸਟ ਇਨਕਲਾਬੀ ਲਹਿਰ ਦੀਆਂ ਗੰਭੀਰ ਸਿਧਾਂਤਕ ਅਤੇ ਸਿਆਸੀ ਕਮਜ਼ੋਰੀਆਂ ਦਾ ਇਕ ਲਾਜ਼ਮੀ ਸਿੱਟਾ ਹੈ। ਇਸ ਲਈ ਇਹ ਮਸਲਾ ਗਾਲ੍ਹਾਂ ਕੱਢਣ ਜਾਂ ਸਿਰਫ਼ ਗ਼ਦਾਰ ਕਹਿਣ ਨਾਲ ਹਲ ਕਰਨ ਦੀ ਬਜਾਇ, ਸਾਡੇ ਡੂੰਘੇ ਗੌਰ-ਫ਼ਿਕਰ ਦੀ ਮੰਗ ਕਰਦਾ ਹੈ।

ਨਕਸਲਬਾੜੀ ਦੀ ਮਹਾਨ ਕਿਸਾਨ ਬਗਾਵਤ ਦੇ ਝਟਕੇ ਨਾਲ ਹਰਕਤ 'ਚ ਆਈ ਪੰਜਾਬ ਦੀ ਕਮਿਊਨਿਸਟ ਇਨਕਲਾਬੀ ਲਹਿਰ ਦੇ ਆਗੂਆਂ ਦੀ ਬਹੁਗਿਣਤੀ ਮਾਰਕਸਵਾਦ - ਲੈਨਿਨਵਾਦ - ਮਾਓ ਵਿਚਾਰਧਾਰਾ ਤੋਂ ਲਗ ਪਗ ਕੋਰੀ ਅਤੇ ਸਿਆਸੀ ਪੱਖੋਂ ਬੇਹੱਦ ਅਨਾੜੀ ਸੀ। ਇਸ ਲਈ ਲੀਡਰਸ਼ਿਪ ਅਤੇ ਲਹਿਰ ਦਾ ਇਹ ਹਿੱਸਾ ਆਪਣੀ ਸਿਧਾਂਤਕ ਕਮਜ਼ੋਰੀ ਕਾਇਮ ਰਖਦਿਆਂ, 'ਖੱਬੀ' ਲਫ਼ਾਜ਼ੀ ਅਤੇ ਨਾਹਰੇਬਾਜ਼ੀ ਦੇ ਖੋਖਲੇ ਥੰਮ੍ਹਾਂ ਤੇ ਟਿਕੀ ਮੂਵਮੈਂਟ ਦੀ ਮਜ਼ਬੂਤੀ ਦੀ ਖੁਸ਼ਫਹਿਮੀ ਵਿਚ, ਇੰਨੀਆਂ ਵਡਮੁੱਲੀਆਂ ਕੁਰਬਾਨੀਆਂ ਅਤੇ ਦੁਖਦਾਈ ਤਜਰਬੇ ਤੋਂ, ਲੋੜੀਂਦੇ ਸਬਕ ਹਾਸਲ ਕਰਨ ਤੋਂ ਇਨਕਾਰੀ ਰਿਹਾ। ਇਸ ਲਈ ਲਹਿਰ, ਇਸ ਨਾਲ ਜਜ਼ਬਾਤੀ ਤੌਰ ਤੇ ਜੁੜਣ ਵਾਲੇ ਮੱਧਵਰਗੀ ਸਾਹਿਤਕਾਰਾਂ ਪ੍ਰਤੀ, ਉਹਨਾਂ ਦੇ ਜਮਾਤੀ ਪਿਛੋਕੜ ਤੇ ਸੁਭਾਅ ਨੂੰ ਧਿਆਨ 'ਚ ਰਖ ਕੇ ਸਮਤੋਲ ਪਹੁੰਚ ਨਹੀਂ ਰੱਖ ਸਕੀ ਅਤੇ ਉਹਨਾਂ ਦੀ ਸਿਆਸੀ ਸੂਝ ਤਿੱਖੀ ਕਰ ਕੇ, ਉਹਨਾਂ ਦੀਆਂ ਕਮਜ਼ੋਰੀਆਂ ਤੋਂ ਖਹਿੜਾ ਛੁਡਾਉਣ ਵਿਚ ਮਦਦ ਕਰਨ ਦੀ ਬਜਾਇ ਉਹਨਾਂ ਨੂੰ ਪੈਟੀ ਬੁਰਜੂਆ ਨੁਕਸਾਂ ਨੂੰ ਪਾਲਣ ਅਤੇ ਸ਼ਹਿ ਦੇਣ ਦਾ ਕਾਰਨ ਬਣੀ। ਲਹਿਰ ਦੀ ਇਸ ਕਮਜ਼ੋਰੀ ਦਾ ਫਾਇਦਾ ਉਠਾ ਕੇ, ਕਈ ਸਾਹਿਤਕ ਪਰਚੇ ਅਤੇ ਉਨ੍ਹਾਂ ਵਿਚ ਛਪਣ ਵਾਲੇ ਸਾਹਿਤਕਾਰ, ਪੰਜਾਬ ਦੀ ਕਮਿਊਨਿਸਟ ਇਨਕਲਾਬੀ ਲਹਿਰ ਦੇ ਸਿਆਸੀ ਬੁਲਾਰਿਆਂ ਵਜੋਂ ਸਥਾਪਤ ਹੋ ਗਏ। ਇਹਨਾਂ 'ਤਾਸ਼ ਦੇ ਖਿਡਾਰੀਆਂ' ਨੇ 'ਕਬੱਡੀ ਦੇ ਮੈਦਾਨ' ਵਿਚ ਬਹੁਤ ਵਾਰ ਹਾਸੋ-ਹੀਣੇ ਕਰਤੱਵ ਵਿਖਾ ਕੇ ਲਹਿਰ ਦਾ ਪਤਲਾ ਨਕਸ਼ਾ ਪੇਸ਼ ਕੀਤਾ ਅਤੇ ਵਿਰੋਧੀ ਕੈਂਪਾਂ ਵਿਚ ਸਾਡੀ ਖਿੱਲੀ ਉਡਾਉਣ ਦੀ ਹਾਲਤ ਪੈਦਾ ਕੀਤੀ। ਪਰ ਇਸ ਸਭ ਕੁਝ ਲਈ ਪਾਸ਼, ਦੁਸਾਂਝ ਵਗੈਰਾ ਨੂੰ ਹੀ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ — ਉਹਨਾਂ ਨੇ ਤਾਂ ਪੈਟੀ ਬੁਰਜੂਆ ਜਮਾਤ ਬਾਰੇ ਮਾਰਕਸੀ ਸਮਝ ਦੇ ਸਹੀ ਹੋਣ ਦੀ ਪੁਸ਼ਟੀ ਹੀ ਕੀਤੀ ਹੈ — ਸਗੋਂ ਇਹ ਜ਼ਿਮੇਂਵਾਰੀ ਤਾਂ ਸਾਡੀ ਲਹਿਰ ਅਤੇ ਲੀਡਰਸ਼ਿਪ ਦੇ ਉਸ ਹਿੱਸੇ ਤੇ ਆਉਂਦੀ ਹੈ, ਜਿਹਨਾਂ ਨੇ ਅੰਡਰ ਗਰਾਊਂਡ ਹੋਣਾ ਹੀ ਸਭ ਤੋਂ ਵੱਡੀ ਯੋਗਤਾ ਸਮਝ ਕੇ ਹੰਕਾਰੀ ਲਹਿਜੇ ਵਿਚ ਸਿਧਾਂਤ ਦੀ ਮਹੱਤਤਾ ਨੂੰ ਅਣਗੌਲਿਆਂ ਕੀਤਾ, ਗੈਰ ਮਾਰਕਸੀ-ਲੈਨਨੀ ਧਾਰਨਾਵਾਂ ਦੇ ਗੱਫੇ ਵਰਤਾਏ, ਕਾਡਰ ਦੀ ਮਾਨਸਕ ਬਣਤਰ ਨੂੰ ਵਿਗਾੜਿਆ ਅਤੇ ਆਪਣੇ ਆਪ ਨੂੰ ਸੁਚੱਜੇ ਸਿਆਸੀ ਆਗੂਆਂ ਵਿਚ ਤਬਦੀਲ ਕਰਨ ਦੀ ਬਜਾਇ ਸ਼ਬਦ ਦੇ ਸਭ ਤੋਂ ਅਸਲੀ ਅਰਥਾਂ ਵਿਚ 'ਸਿਆਸੀ-ਨਿਹੰਗ' ਬਣ ਬੈਠੇ। ਜਿੰਨਾਂ ਚਿਰ ਲਹਿਰ ਦੀਆਂ ਇਹ ਕਮਜ਼ੋਰੀਆਂ ਕਾਇਮ ਹਨ, ਇਹ ਸਿਲਸਿਲਾ ਚਲਦਾ ਰਹੇਗਾ— 'ਦਿਲ' ਤੋਂ ਬਾਦ 'ਪਾਸ਼', 'ਪਾਸ਼' ਤੋਂ ਬਾਅਦ (ਜਾਂ ਨਾਲ ਹੀ ?) 'ਚੰਦਨ' ਅਤੇ ਭਗੌੜੇ ਹੁੰਦੇ ਰਹਿਣਗੇ ਅਤੇ ਇਹ ਸੱਚੀਂ ਹੀ ਸਾਡੀ ਲਹਿਰ ਦੀ ਬਦਕਿਸਮਤੀ ਹੋਵੇਗੀ। 'ਪੈਟੀ ਬੁਰਜੂਆਜੀ ਨੇ ਭੱਜਣਾ ਹੀ ਹੈ' ਕਹਿਕੇ ਮਸਲੇ ਤੋਂ ਟਲਣਾ ਸਿਰੇ ਦੀ ਗੈਰ ਜ਼ਿਮੇਂਵਾਰੀ ਹੈ, ਪੈਟੀ ਬੁਰਜੂਆਜੀ ਦੇ ਨਰੋਏ ਹਿਸੇ ਨੂੰ ਪ੍ਰੋਲਤਾਰੀ ਸੱਚੇ ਵਿਚ ਢਾਲਣ ਦੀ ਜ਼ਿਮੇਂਵਾਰੀ ਤੋਂ ਭੱਜਣਾ ਹੈ।

ਸਮਝਦਾਰ ਕਾਡਰ ਨੂੰ ਵੀ ਚਾਹੀਦਾ ਹੈ ਕਿ ਅੱਗੇ ਤੋਂ

'ਪਾਸ਼' ਅਤੇ 'ਖਟਕੜ' ਨੂੰ ਮਾਨਤਾ ਦੇਣ ਲੱਗਿਆਂ ਸਿਰਫ਼ ਕਵਿਤਾ ਨੂੰ ਹੀ ਆਧਾਰ ਨਾ ਬਣਾਇਆ ਜਾਵੇ—ਸਗੋਂ ਸਿਆਸੀ ਸੂਝ, ਜੀਵਨ ਕਿਰਦਾਰ, ਅਤੇ ਕਮਿਟਮੈਂਟ ਦੇ ਆਧਾਰ ਤੇ ਬਣਦੀ ਵੁੱਕਤ ਦਿਤੀ ਜਾਵੇ। ਠੀਕ ਹੈ ਉਦਾਸੀ ਪੰਜਾਬ ਦੇ ਲੋਕ ਸਟੇਜਾਂ ਦੀ ਰੌਣਕ ਹੈ, ਪਰ ਉਸ ਨੂੰ ਵੀ ਜੇਕਰ ਸਮੇਂ ਸਮੇਂ ਸਿਰ ਬਿਜਲੀ ਝਟਕੇ ਨਾ ਲਾਏ ਗਏ ਤਾਂ ਆਪਣੀ ਸ਼ੁਹਰਤ ਨੂੰ ਸੰਭਾਲਣਾ ਉਸ ਲਈ ਵੀ ਮੁਸ਼ਕਲ ਹੋ ਜਾਵੇਗਾ (ਜਾਂ ਹੋ ਰਿਹਾ ਹੈ)। ਸੋ ਲਹਿਰ ਦੇ ਹਿਤ ਮੰਗ ਕਰਦੇ ਹਨ ਕਿ ਅਸੀਂ ਆਪਣੇ ਸਾਹਿਤਕਾਰਾਂ ਪ੍ਰਤੀ ਦਰੁਸਤ ਰਵੱਈਆ ਧਾਰਨ ਕਰੀਏ। ਗਾਲ੍ਹਾਂ ਕੱਢਿਆਂ ਜਾਂ ਬੇਰੁਖ਼ੀ ਵਿਖਾਇਆਂ ਉਹ ਭੱਜਣਗੇ, ਲੋੜੋਂ ਵੱਧ ਵੁੱਕਤ ਦਿਆਂ ਵਿਗੜਣਗੇ। ਸਿਰਫ਼ ਠੀਕ ਪਹੁੰਚ ਰੱਖਿਆਂ ਹੀ, ਉਨ੍ਹਾਂ ਤੋਂ, ਉਨ੍ਹਾਂ ਦੇ ਖੇਤਰ ਵਿਚ ਲਾਹੇਵੰਦਾ ਕੰਮ ਲਿਆ ਜਾ ਸਕਦਾ ਹੈ। ਹਾਂ, ਸਿਆਸੀ ਘੋਲ 'ਚੋਂ ਭੱਜੇ, ਜਾਤੀ ਜ਼ਿੰਦਗੀ 'ਚ ਗਰਕ ਚੁਕੇ ਢੌਂਗੀ ਲੇਖਕਾਂ ਦੀਆਂ ਮੁੜ ਸਥਾਪਤ ਹੋਣ ਦੀਆਂ ਕੋਸ਼ਿਸ਼ਾਂ ਨੂੰ ਭਾਜ ਦੇਣੀ ਹੋਵੇਗੀ।

ਅਖੀਰ ਵਿਚ, ਪਾਸ਼ ਦੀ ਸੇਵਾ 'ਚ, ਮਹਾਨ ਲੈਨਿਨ ਦੇ, 'ਅਸਾਧਾਰਨ ਪ੍ਰਤਿਭਾ ਵਾਲੇ ਸੰਵਾਦ', 'ਮਹਾਨ ਯੋਧੇ' ਅਤੇ 'ਕਮਿਊਨਿਸਟ ਲਹਿਰ ਦੀ ਬਦਕਿਸਮਤੀ ਨਾਲ ਸ਼ਹੀਦ ਹੋਏ' ਟਰਾਟਸਕੀ ਦੀ ਮਹਿਮਾ 'ਚ ਕਹੇ, ਸ਼ਬਦ ਪੇਸ਼ ਕਰਦਾ ਹਾਂ। ਇਉਂ ਕਰਨ ਲੱਗਿਆਂ ਮੈਂ ਉਸ ਨਾਲ ਬਦਨਾਮ 'ਟਰਾਟਸਕੀਵਾਦ' ਬਾਰੇ ਬਹਿਸ 'ਚ ਨਹੀਂ ਪੈਣਾ ਚਾਹੁੰਦਾ, ਕਿਉਂਕਿ ਇਹ ਕੰਮ ਬਹੁਤ ਤਿਆਰੀ ਅਤੇ ਮਿਹਨਤ ਦੀ ਮੰਗ ਕਰਦਾ ਹੈ। ਮੇਰੇ ਖ਼ਿਆਲ 'ਚ ਦੋ-ਚਾਰ ਘਟੀਆ ਕੈਰੀਅਰਵਾਦੀਆਂ ਨਾਲ ਇਸ ਮਸਲੇ ਤੇ ਬਹਿਸ 'ਚ ਪੈ ਕੇ ਸਮਾਂ ਬਰਬਾਦ ਕਰਨ ਦੀ ਸਾਡੀ ਕੋਈ ਮਜਬੂਰੀ ਨਹੀਂ। ਅੰਤਰਰਾਸ਼ਟਰੀ ਕਮਿਊਨਿਸਟ ਲੀਡਰ-ਸ਼ਿਪ ਨੇ ਡੂੰਘੇ ਅਧਿਐਨ ਤੇ ਅਮਲੀ ਤਜਰਬੇ ਦੇ ਆਧਾਰ ਤੇ ਟਰਾਟਸਕੀਵਾਦ ਬਾਰੇ ਜੋ ਨਿਰਣੇ ਕੀਤੇ ਹਨ, ਉਨ੍ਹਾਂ ਉਪਰ ਮੁੜ ਵਿਚਾਰ ਬੇਲੋੜੀ ਅਤੇ ਨਿਰਆਧਾਰ ਹੈ।

ਹਾਂ, ਵੇਖੋ, ਪ੍ਰੋਲਤਾਰੀ ਦੇ ਮਹਾਨ ਆਗੂ (ਲੈਨਿਨ) ਪਾਸ਼ ਦੇ 'ਸ਼ਹੀਦ' ਦੀ ਉਪਮਾ ਕਿਵੇਂ ਕਰਦੇ ਹਨ:

'ਟਰਾਟਸਕੀ ਬਾਲਸ਼ਵਿਜ਼ਮ ਨੂੰ ਤੋੜਦਾ-ਮਰੋੜਦਾ ਹੈ, ਕਿਉਂਕਿ ਉਹ, ਰੂਸੀ ਬੁਰਜੂਆ ਇਨਕਲਾਬ ਵਿਚ ਪ੍ਰੋਲਤਾਰੀ ਦੇ ਰੋਲ ਬਾਰੇ ਕਦੇ ਵੀ ਨਿਸ਼ਚਿਤ ਵਿਚਾਰ ਬਣਾਉਣ ਦੇ ਯੋਗ ਨਹੀਂ ਹੋ ਸਕਿਆ।

(ਲੈਨਿਨ, Collected Works, Vol. 16, P. 380)

'ਅਤੇ ਇਹ ਸੱਚ ਸਿੱਧ ਕਰਦਾ ਹੈ ਕਿ ਅਸੀਂ ਟਰਾਟਸਕੀ ਨੂੰ 'ਗੁਟਬਦੀ ਦੀ ਸਭ ਤੋਂ ਭੈੜੀ ਰਹਿੰਦ ਖੂੰਹਦ' ਦਾ ਪ੍ਰਤੀਨਿਧ ਕਹਿਣ ਵਿਚ ਠੀਕ ਸਾਂ। 'ਗੈਰ-ਗੁਟਬੰਦੀ' ਦੇ ਪਰਦੇ ਹੇਠ, ਟਰਾਟਸਕੀ ਦੇਸ਼ੋਂ ਬਾਹਰਲੇ ਇਕ ਗਰੁਪ ਦੇ ਹਿਤਾਂ ਨੂੰ ਬੁਲੰਦ ਕਰਦਾ ਹੈ, ਜਿਹੜਾ ਕਿ ਖ਼ਾਸ ਨਿਸ਼ਚਿਤ ਅਸੂਲਾਂ ਪੱਖੋਂ ਹੀਣਾ ਹੈ ਅਤੇ ਜਿਸ ਦਾ ਰੂਸ ਦੀ ਮਜ਼ਦੂਰ ਜਮਾਤ ਦੇ ਘੋਲ ਵਿਚ ਕੋਈ ਆਧਾਰ ਨਹੀਂ ਹੈ। ਹਾਥੀ ਦੇ ਦੰਦ ਖਾਣ ਦੇ ਹੋਰ, ਦਿਖਾਉਣ ਦੇ ਹੋਰ। ਟਰਾਟਸਕੀ ਦੇ ਫ਼ਿਕਰਿਆਂ ਵਿਚ ਬਹੁਤ ਚਮਕ ਅਤੇ ਗਰਜ ਹੈ, ਪਰ ਉਹ ਬੇਅਰਥ ਹਨ।

(Vol. 20, Page 332)

'ਟਰਾਟਸਕੀ ਨੇ ਅਜੇ ਤਕ ਮਾਰਕਸਵਾਦ ਦੇ ਕਿਸੇ ਵੀ ਮਹੱਤਵਪੂਰਨ ਸਵਾਲ ਤੇ ਆਪਣੀ ਪੱਕੀ ਰਾਏ ਨਹੀਂ ਰੱਖੀ। ਉਹ ਹਮੇਸ਼ਾ ਵਿਚਾਰਾਂ ਦੇ ਕਿਸੇ ਵੀ ਵਿਰੋਧ ਦੀ ਵਿਰਲ ਵਿਚ ਘੁਸੜਦਾ ਹੈ, ਅਤੇ ਦੂਸਰੀ ਧਿਰ ਲਈ ਪਹਿਲੀ ਧਿਰ ਨਾਲ ਗ਼ਦਾਰੀ ਕਰਦਾ ਹੈ।

(Vol. 20, Page 447)

19 ਫ਼ਰਵਰੀ, 1917 ਨੂੰ ਇਨੇਸਾ ਅਰਮਾਂਦ ਵਲ ਲਿਖੇ ਆਪਣੇ ਖ਼ਤ ਵਿਚ ਲੈਨਿਨ ਨੇ ਲਿਖਿਆ :

'ਟਰਾਟਸਕੀ ਆਇਆ, ਅਤੇ ਇਹ ਬਦਮਾਸ਼ ਇਕ-ਦਮ ਨੋਵੀਮੀਰ ਦੇ ਸੱਜੇ ਧੜੇ ਨਾਲ, ਖੱਬੇ ਜ਼ਿਮਰਵਾਲ-ਡਿਸਟਸ ਦੇ ਖ਼ਿਲਾਫ਼, ਰਲ ਗਿਆ!! ਇਹ ਹੈ!! ਟਰਾਟਸਕੀ, ਉਘਾੜ ਲਈ ਇਹੋ ਹੈ!! ਹਮੇਸ਼ਾ ਆਪਣੇ ਆਪ ਲਈ ਸੱਚਾ — ਵਲ ਫੇਰ ਖਾਂਦਾ, ਠੱਗੀ ਮਾਰਦਾ, ਖੱਬਾ ਹੋਣ ਦਾ ਵਿਖਾਵਾ ਕਰਦਾ, ਸੱਜੇ ਦੀ ਮਦਦ ਕਰਦਾ, ਜਿਥੋਂ ਤਕ ਉਹ ਕਰ ਸਕਦਾ ਹੈ...।'

(Vol. 35, Page 288)

ਮੇਰਾ ਖ਼ਿਆਲ ਹੈ ਕਿ ਪਾਸ਼ ਨੂੰ ਇਹ ਦੱਸਣ ਦੀ ਕੋਈ ਜ਼ਰੂਰਤ ਨਹੀਂ ਕਿ ਬਦਮਾਸ਼ ਅਤੇ ਠੱਗ ਸ਼ਬਦਾਂ ਦੇ ਅਰਥ, ਦੁਨੀਆਂ ਦੀ ਕਿਸੇ ਵੀ ਭਾਸ਼ਾ ਵਿਚ, 'ਮਹਾਨ ਯੋਧੇ' ਨਹੀਂ ਹੁੰਦੇ ਅਤੇ ਨਾ ਹੀ ਇਹ ਸ਼ਬਦ ਸਾਥੀ ਲੈਨਿਨ ਨੇ Code Words ਵਜੋਂ ਵਰਤੇ ਹਨ — ਹਾਂ, ਕਵੀ ਸੱਜਣਾ, ਇਹ ਬਿੰਬ ਵੀ ਨਹੀਂ ਹਨ।

o

## 2. ਝੂਠੀ ਨਿਮਰਤਾ ਜਾਂ ਫੋਕੀਆਂ ਫੜ੍ਹਾਂ ? /

ਗੁਰਦੀਪ ਸਿੰਘ

ਸਰਦਲ ਦੇ ਜੂਨ ਅੰਕ ਵਿਚ, ਮਈ ਅੰਕ ਦੇ ਵਾਦ-ਵਿਵਾਦ ਤੇ ਕੁਝ ਸਵਾਲ ਕਰਨ ਬਾਅਦ ਸ੍ਰੀ ਪਾਸ਼

ਲਿਖਦੇ ਹਨ, 'ਦੁਨੀਆਂ ਦੇ ਅਧਿਕਤਰ ਸੰਪ੍ਰਦਾਈ ਤੇ ਕੱਟੜਵਾਦੀ ਕਮਿਊਨਿਸਟ ਕਾਡਰ ਨੇ ਟਰਾਟਸਕੀ ਨੂੰ — ਉਸ ਦੀ ਵਿਚਾਰਧਾਰਾ ਦੇ ਮੁਢਲੇ ਵਿਕਾਸ ਨੂੰ ਉੱਕਾ ਹੀ ਨਹੀਂ ਪੜ੍ਹਿਆ, ਅਤੇ ਆਪਣੇ ਲੀਡਰਾਂ ਦੀਆਂ ਦੱਸੀਆਂ ਦਸਾਈਆਂ ਗੱਲਾਂ ਉਤੇ ਟਰਾਟਸਕੀ ਲਈ ਆਪਣੇ ਮਨਾਂ ਅੰਦਰ ਅੰਨ੍ਹੀ ਘਿਰਣਾ ਉਗਾ ਲਈ। ਅੱਗੇ ਲਿਖਦੇ ਹਨ, 'ਮੈਂ ਟਰਾਟਸਕੀ ਨੂੰ ਕਮਿਊਨਿਸਟ ਲਹਿਰ ਦੀ ਬਦਕਿਸਮਤੀ ਨਾਲ ਸ਼ਹੀਦ ਹੋਏ ਇਕ ਮਹਾਨ ਯੋਧਾ ਅਤੇ ਅਸਾਧਾਰਣ ਪ੍ਰਤਿਭਾ ਵਾਲੇ ਸਚਵਾਨ ਮੰਨਦਾ ਹਾਂ।

ਇਸ ਤੋਂ ਸਾਫ ਜ਼ਾਹਿਰ ਹੈ ਕਿ ਸ੍ਰੀ ਪਾਸ਼ ਨੇ 'ਅਧਿਕਤਰ ਸੰਪ੍ਰਦਾਈ ਤੇ ਕੱਟੜਵਾਦੀ ਕਮਿਊਨਿਸਟ ਕਾਡਰ' ਦੇ ਉਲਟ ਆਪਣੇ ਲੀਡਰਾਂ ਦੀਆਂ ਦੱਸੀਆਂ ਦਸਾਈਆਂ ਗੱਲਾਂ ਉਤੇ ਵਿਸ਼ਵਾਸ ਨਹੀਂ ਕੀਤਾ। ਉਹ ਤਾਂ ਟਰਾਟਸਕੀ ਸਟਾਲਿਨ, ਰੂਸੀ ਇਨਕਲਾਬ ਤੇ ਸੰਸਾਰ ਇਨਕਲਾਬ ਦੇ ਇਤਿਹਾਸ ਨਾਲ ਸੰਬੰਧਤ ਮਸਲਿਆਂ ਦੇ ਅਧਿਐਨ ਬਾਅਦ ਹੀ, ਅੰਤਰਰਾਸ਼ਟਰੀ ਕਮਿਊਨਿਸਟ ਲਹਿਰ ਦੇ ਨਿਰਣਿਆਂ ਦੇ ਉਲਟ ਇਸ ਨਤੀਜੇ ਤੇ ਪਹੁੰਚੇ ਹਨ ਕਿ ਟਰਾਟਸਕੀ ਇਕ 'ਮਹਾਨ ਯੋਧਾ' ਤੇ 'ਸ਼ਹੀਦ' ਸੀ। ਪਰ ਉਹ ਇਹ ਵੀ ਲਿਖਣ ਕਿ 'ਮੈਂ ਕਦੇ ਆਪਣੇ ਆਪ ਨੂੰ ਏਨਾ ਸਿਆਣਾ ਨਹੀਂ ਸਮਝਿਆ ਕਿ ਸਰਦਲ ਵਿਚ ਗੰਭੀਰ ਸਿਆਸੀ ਮਸਲਿਆਂ ਬਾਰੇ ਹੋ ਰਹੇ ਵਾਦ-ਵਿਵਾਦ ਵਿਚ ਕੁਝ ਕਹਿ ਸਕਾਂ', ਤਾਂ ਕੀ ਉਹ ਝੂਠੀ ਨਿਮਰਤਾ ਦਾ ਵਿਖਾਵਾ ਨਹੀਂ ਕਰ ਰਹੇ? ਜਾਂ ਅਧਿਐਨ ਫੱਕੀਆਂ ਫੜ੍ਹਾਂ ਦੇ ਵਧ ਕੁਝ ਵੀ ਨਹੀਂ।

ਸ੍ਰੀ ਪਾਸ਼ ਲਿਖਦੇ ਹਨ, 'ਸਾਡੇ ਭਾਰਤੀ ਕਮਿਊਨਿਸਟ ਕਾਡਰ ਕੋਲ ਟਰਾਟਸਕੀਵਾਦ ਬਾਰੇ ਉਹੋ ਕੁਝ ਪਹੁੰਚਿਆ ਹੈ, ਜੋ ਸਟਾਲਿਨ ਜਾਂ ਉਸ ਦੇ ਪਾਲਤੂ ਬੁਧੀਜੀਵੀਆਂ ਅਤੇ ਖਰੁਸ਼ਚੋਵਵਾਦੀਆਂ ਨੇ ਇਸ ਬਾਰੇ ਦੱਸਿਆ, ਭਾਰਤੀ ਕਮਿਊਨਿਸਟ ਕਾਡਰ ਕੋਲ ਕੀ ਪਹੁੰਚਿਆ ਤੇ ਕੀ ਨਹੀਂ, ਇਸ ਬਾਰੇ ਸਾਡੀ ਵਾਕਫ਼ੀਅਤ ਨਾਂਹ ਦੇ ਬਰਾਬਰ ਹੀ ਹੈ, ਪਰ ਸਰਦਲ ਦੇ ਪਾਠਕਾਂ ਕੋਲ ਸ੍ਰੀ ਇਕਬਾਲ ਸਿੰਘ ਰਾਹੀਂ ਟਰਾਟਸਕੀ ਬਾਰੇ ਉਹ ਕੁਝ ਪਹੁੰਚਿਆ, ਜੋ ਚੀਨੀ ਕਮਿਊਨਿਸਟਾਂ ਨੇ ਉਸ ਬਾਰੇ ਦੱਸਿਆ, ਭਾਵ ਟਰਾਟਸਕੀ 'ਲੈਨਿਨਵਾਦ ਦਾ ਦੁਸ਼ਮਣ ਤੇ ਬੁਰਜੂਆ ਏਜੰਟ' ਸੀ। (ਸਰਦਲ, ਅਕਤੂਬਰ ੭੩)। ਅਸੀਂ ਇਹ ਜਾਣਨ ਲਈ ਉਤਸੁਕ ਹਾਂ ਕਿ ਸ੍ਰੀ ਪਾਸ਼ ਚੀਨੀ ਕਮਿਊਨਿਸਟਾਂ ਤੇ ਇਕਬਾਲ ਸਿੰਘ ਨੂੰ 'ਸਟਾਲਿਨ ਦੇ ਪਾਲਤੂ ਬੁਧੀਜੀਵੀ' ਸਮਝਦੇ ਹਨ ਜਾਂ 'ਖਰੁਸ਼ਚੋਵਵਾਦੀ'?

ਪਾਸ਼ ਨੇ ਕਦੀ ਲਿਖਿਆ ਸੀ—

"ਤੈਨੂੰ ਕੀ ਪਤਾ ਕਿੰਝ ਬੀਤੇਗੀ,
ਜਦੋਂ ਹੋਵਣਗੇ ਅਰਥਾਂ ਦੇ ਅਨਰਥ
ਤੇਰਾ ਖਤ ਬ-ਹੁ-ਤ ਤੜਫੇਗਾ
ਜਹਾਲਤ ਦੀ ਤਲੀ ਉਤੇ।"

ਅੱਜ ਮਹਾਨ ਲੈਨਿਨ ਨਾਲ, ਪਾਸ਼ ਦੀ ਤਲੀ ਤੇ ਕਿੰਝ ਬੀਤ ਰਹੀ ਹੈ, ਇਸ ਦਾ ਅੰਦਾਜ਼ਾ ਹੇਠ ਲਿਖੇ ਤੋਂ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਪਾਸ਼ ਅਨੁਸਾਰ ਲੈਨਿਨ ਨੇ ਲਿਖਿਆ ਸੀ, "ਕਾਮਰੇਡ ਸਟਾਲਿਨ ਨੇ ਜਨਰਲ ਸਕੱਤਰ ਬਣਨ ਪਿਛੋਂ ਸਾਰੀ ਤਾਕਤ ਆਪਣੇ ਹੱਥਾਂ ਵਿਚ ਇਕੱਠੀ ਕਰ ਲਈ ਹੈ। ਅਤੇ ਮੈਨੂੰ ਯਕੀਨ ਨਹੀਂ ਕਿ ਉਹਨੂੰ ਪੱਕਾ ਪਤਾ ਹੈ ਕਿ ਇਸ ਤਾਕਤ ਨੂੰ ਗੌਰ ਅਤੇ ਕਾਬਲੀਅਤ ਨਾਲ ਵਰਤਣਾ ਚਾਹੀਦਾ ਹੈ... ਸਟਾਲਿਨ ਅਸੱਭਿਅਕ ਤੇ ਗੁਸੈਲ ਹੈ। ਜਿਥੋਂ ਤਕ ਸਾਧਾਰਣ ਕਮਿਊਨਿਸਟਾਂ ਦਾ ਸਬੰਧ ਹੈ, ਉਨ੍ਹਾਂ ਲਈ ਇਹ ਔਗੁਣ ਨਿਸਚੇ ਹੀ ਹਮਾਇਤ ਕਰਨ ਦੇ ਯੋਗ ਹੈ, ਪਰ ਜਨਰਲ ਸਕੱਤਰ ਦੇ ਅਹੁਦੇ ਲਈ ਇਹ ਔਗੁਣ ਹੁਮਾਇਤ ਕਰਨ ਦੇ ਅਯੋਗ ਬਣ ਜਾਂਦਾ ਹੈ। ਇਸ ਲਈ ਮੈਂ ਕਾਮਰੇਡਾਂ ਸਾਹਮਣੇ ਇਹ ਤਜਵੀਜ਼ ਪੇਸ਼ ਕਰਦਾ ਹਾਂ ਕਿ ਉਹ ਸਟਾਲਿਨ ਨੂੰ ਇਸ ਅਹੁਦੇ ਤੋਂ ਵੱਖਰਾ ਕਰਨ ਦਾ ਤਰੀਕਾ ਲੱਭਣ ਅਤੇ ਇਸ ਥਾਂ ਉਤੇ ਕਿਸੇ ਅਜਿਹੇ ਬੰਦੇ ਨੂੰ ਲਾਉਣ ਜੋ ਸਾਰੀਆਂ ਗੱਲਾਂ ਵਿਚ ਸਟਾਲਿਨ ਤੋਂ ਵੱਖਰਾ ਹੋਵੇ। ਦੂਜੇ ਪਾਸੇ ਕਾਮਰੇਡ ਟਰਾਟਸਕੀ ਜਿਹਾ ਕਿ ਫ਼ੌਜਾਂ ਢੁਆਈ ਦੀ ਜਨਤਕ ਕਮਿਸਾਰੀ ਦੇ ਮਸਲੇ ਦੇ ਸਿਲਸਿਲੇ ਵਿਚ ਉਸ ਦੀ ਜਦੋਜਹਿਦ ਨੇ ਸਿੱਧ ਕਰ ਦਿਤਾ ਹੈ, ਕੇਵਲ ਇਸ ਲਈ ਹੀ ਉੱਘੀ ਹੈਸੀਅਤ ਨਹੀਂ ਰਖਦਾ ਕਿ ਉਹ ਅਸਾਧਾਰਣ ਯੋਗਤਾ ਦਾ ਸਵਾਮੀ ਹੈ, ਸਗੋਂ ਇਸ ਲਈ ਵੀ ਕਿ ਉਹ ਦੂਰ ਤਕ ਪਹੁੰਚਣ ਵਾਲਾ ਆਤਮ-ਵਿਸ਼ਵਾਸ ਰਖਦਾ ਹੈ ਤੇ ਉਸ ਦਾ ਸੁਭਾਅ ਏਦਾਂ ਦਾ ਹੈ ਕਿ ਉਹ ਮਸਲਿਆਂ ਦੇ ਖਾਲਸ ਪ੍ਰਬੰਧਕੀ ਪਹਿਲੂਆਂ ਵਿਚ ਹੀ ਉਲਝ ਕੇ ਨਹੀਂ ਰਹਿ ਸਕਦਾ, ਜਿਥੋਂ ਤਕ ਨਿਰੀ ਅਸਾਧਾਰਨ ਯੋਗਤਾ ਦਾ ਸਵਾਲ ਹੈ, ਇਸ ਵਿਚ ਕੋਈ ਸ਼ੱਕ ਨਹੀਂ ਕਿ ਉਹ ਵਰਤਮਾਨ ਕੇਂਦਰੀ ਕਮੇਟੀ ਵਿਚ ਬਹੁਤ ਹੀ ਕਾਬਲ ਬੰਦਾ ਹੈ।"

English version, ਜਿਸ ਦਾ ਪਾਸ਼ ਅਨੁਸਾਰ ਉਪਰਲਾ ਅਨੁਵਾਦ ਹੈ:

"Comrade Stalin, having become Seceratary General has unlimited authority concenterated in has hands, and

I am not sure whether he will always be capable of using that authority with sufficent.........

(Dec. 25, 1922 ਵਾਲੀ ਚਿੱਠੀ 'ਚੋਂ—ਗ.ਸ.)

Stalin is too vide and this defect, although quite tolerable in our midst and in dealings among us communists, becomes intolerable in a Seceratary General. That is why I suggest that comrades think about away removing Stalin from that post and appointing another men in his slead who in all other respects differs from Comrade Stalin in having only one advantage, namely, that of being more tolerant, more loyal, more polite and more considerate to the comrades less capricious. etc.

(4 ਜਨਵਰੀ, 1923 ਵਾਲੀ ਚਿੱਠੀ 'ਚ—ਗ.ਸ.)

Comrade Trotsky, on the other hand, as his struggle against C.C. on the question of the people's commissaiate for communication has already proved, is distinguished not only by outstanding ability. He is personally perhapes the most capable man in the persent C.C., but he has displayed self assurance and shown excessive pre-occupation with purely administrative side of the work..."

(ਦੁਬਾਰਾ 25 ਦਸੰਬਰ, 1922 ਵਾਲੀ ਚਿੱਠੀ 'ਚ—ਗ.ਸ.)

ਦੋਹਾਂ ਦਾ ਮੁਕਾਬਲਾ ਕਰਕੇ ਪਾਠਕ ਆਪ ਹੀ ਮਹਾਨ ਲੈਨਿਨ ਦੀ ਹਾਲਤ ਦਾ ਅੰਦਾਜ਼ਾ ਲਗਾ ਸਕਦੇ ਹਨ।

ਸੁਰਜੀਤ ਗਿੱਲ ਵਲ ਇਸ਼ਾਰਾ ਕਰਦੇ ਹੋਏ ਪਾਸ਼ ਜੀ ਲਿਖਦੇ ਹਨ, "ਮੈਂ ਗਿੱਲ ਹੋਰਾਂ ਨੂੰ ਇਕ ਸੁਹਿਰਦ ਸੂਝਵਾਨ ਸਮਝਦਾ ਹਾਂ। ਏਸੇ ਲਈ ਉਨ੍ਹਾਂ ਦੀ ਟਰਾਟਸਕੀ-ਵਾਦ ਬਾਰੇ ਸੌੜੀ ਤੇ ਵਗਾਤੀ ਸਟੇਟਮੈਂਟ ਦਾ ਦੁੱਖ ਹੋਇਆ ਹੈ', ਉਹ ਵਿਅਕਤੀ — ਜੋ ਹੋਰਨਾਂ ਨੂੰ 'ਨਾਵਾਂ' ਦੇ 'ਕੁਨਾਂਅ' ਪਾਉਣ ਤੇ ਉਹਦੀ 'ਅਕਲ ਤੇ ਨੀਅਤ' ਕਰਨ ਤੋਂ ਕੋਸੇ, ਪਰ ਆਪ ਇਕ ਪਾਗਲ ਹੋਏ ਵਿਅਕਤੀ ਵਾਂਗ ਦੂਸਰਿਆਂ ਤੇ 'ਮੂੜ੍ਹ', 'ਟੰਬੀ ਵਕੀਲ', 'ਕਾਕਾ', 'ਹਾਰੂ ਰੁਚੀਆਂ ਦੇ ਪ੍ਰਚਾਰਕ' 'ਸੜਈ ਸੂਝ ਵਾਲੇ', 'ਰੋਦੂ' ਆਦਿ ਦੀ ਵਾਛੜ ਕਰੇ, ਜਿਸ ਨੂੰ ਲਿਖਣ ਸਮੇਂ ਇਹ ਹੀ ਪਤਾ ਨਹੀਂ ਰਹਿੰਦਾ ਕਿ ਉਹ ਕੀ ਲਿਖ ਰਿਹਾ ਹੈ? ਜੋ ਉਸ ਨੇ ਲਿਖਿਆ ਹੈ ਉਸ ਨਾਲ ਸਹਿਮਤ ਵੀ ਹੈ ਜਾਂ ਨਹੀਂ। (ਦੇਖੋ 'ਸੁਰਜੀਤ ਗਿੱਲ ਦੀ ਮੈਂ', ਸਰਦਲ ਜਨਵਰੀ ੭੪) ਜਿਸ ਦਾ ਸੱਚ ਨਾਲ ਕੋਈ ਸਰੋਕਾਰ ਨਹੀਂ ਅਤੇ ਜੋ ਲਿਖਣ ਸਮੇਂ ਇਹ ਹੀ ਖਿਆਲ ਰੱਖਣ ਦੀ ਕੋਸ਼ਿਸ਼ ਕਰਦਾ ਹੈ ਕਿ ਉਸ ਨੇ 'ਪ੍ਰਸੰਸਾਤਮਕ ਲਹਿਜੇ' ਵਿਚ ਲਿਖਣਾ ਹੈ ਜਾਂ ਭੰਡੀ ਪ੍ਰਚਾਰ ਦੇ ਲਹਿਜੇ ਵਿਚ (ਦੇਖੋ ਸਰਦਲ, ਨਵੰਬਰ ੭੩) ਜੋ ਨੰਬੂਦਰੀਪਾਦ ਹਕੂਮਤ ਵਲੋਂ ਮਹਾਨ ਸ਼ਹੀਦ ਵਰਗੀਜ਼ ਦੀਆਂ ਅੱਖਾਂ ਕੱਢੇ ਜਾਣ ਨੂੰ ਜਾਇਜ਼ ਠਹਿਰਾਉਣ ਤਕ ਜਾਏ (ਸਰਦਲ, ਨਵੰਬਰ ੭੩)—ਨੂੰ ਵੀ ਜੇ ਸ੍ਰੀ ਪਾਸ਼ 'ਸੁਹਿਰਦ ਸੂਝਵਾਨ' ਕਹਿੰਦੇ ਹਨ, ਤਾਂ ਕੀ ਉਹ ਇਥੇ ਵੀ ਝੂਠੀ ਨਿੰਮਰਤਾ ਦਾ ਵਖਾਵਾ ਨਹੀਂ ਕਰ ਰਹੇ? ਜਾਂ ਉਹਨਾਂ ਨੇ ਆਪਣੇ ਅਧਿਅਨ ਦੌਰਾਨ 'ਨਵ ਮਾਰਕਸਵਾਦੀਆਂ' ਵਾਂਗ 'ਸੁਹਿਰਦ ਸੂਝਵਾਨ' ਦਾ ਕੋਈ ਨਵਾਂ ਸੰਕਲਪ ਘੜ ਲਿਆ ਹੈ?

o

## 3. ਟਰਾਟਸਕੀਵਾਦ ਬਾਰੇ / ਸੁਰਜੀਤ ਗਿੱਲ

ਮਈ ਅੰਕ ਵਿੱਚ ਟਰਾਟਸਕੀਵਾਦੀਆਂ ਬਾਰੇ ਕਹੀਆਂ ਮੇਰੀਆਂ ਗੱਲਾਂ ਨੂੰ ਉਹਨਾਂ ਜੂਨ ਦੇ ਅੰਕ ਵਿਚ ਆਪਣੇ ਹੱਕ ਵਿਚ ਭੁਗਤਾਉਣ ਤੇ ਟਰਾਟਸਕੀਵਾਦ ਦੇ ਪਰਚਾਰ ਲਈ ਵਰਤਣ ਦਾ ਨਿਸਫਲ ਯਤਨ ਕੀਤਾ ਗਿਆ ਹੈ।

ਦਾਸ ਨੇ ਬੇਨਤੀ ਇਹ ਕੀਤੀ ਸੀ ਕਿ ਮੈਂ ਟਰਾਟਸਕੀ-ਵਾਦ ਦੇ ਪਰਚਾਰ ਦਾ ਸਾਧਨ ਨਹੀਂ ਬਣਨਾ ਚਾਹੁੰਦਾ। ਗੁਰਸ਼ਰਨ ਹੁਰਾਂ ਬਾਰੇ ਗਿਲਾ ਕੀਤਾ ਸੀ ਕਿ ਉਹ ਅਚੇਤ ਤੌਰ ਤੇ ਟਰਾਟਸਕੀਵਾਦ ਦੇ ਪਰਚਾਰ ਦਾ ਸਾਧਨ ਬਣ ਰਹੇ ਹਨ। ਗੱਲ ਦੇ ਫੈਲਾ ਦੇ ਡਰੋਂ ਸਭ ਕੁਝ ਸੰਕੋਚਵੇਂ ਸ਼ਬਦਾਂ ਵਿਚ ਕਿਹਾ ਸੀ। ਪਰੰਤੂ ਮੇਰੇ ਸ਼ਬਦਾਂ ਉਤੇ ਕੀਤੀ ਗੁਰਸ਼ਰਨ ਹੁਰਾਂ ਦੀ ਟਿਪਣੀ ਤੇ ਜੂਨ ਦੇ ਪਰਚੇ ਵਿਚ ਵੀਰ ਪਾਸ਼ ਦੇ ਟਰਾਟਸਕੀ ਬਾਰੇ ਸ਼ਬਦਾਂ ਨੇ ਨਵੇਂ ਮਸਲੇ ਖੜੇ ਕੀਤੇ ਹਨ।

ਗੁਰਸ਼ਰਨ ਹੁਰਾਂ ਨੇ ਟਰਾਟਸਕੀਵਾਦ ਦੀ ਗੱਲ ਅਚੇਤ ਹੀ ਨਹੀਂ ਛੇੜੀ ਸੀ, ਉਹ ਟਰਾਟਸਕੀਵਾਦ ਨੂੰ ਕੋਈ ਮਾਰਕਸਵਾਦ ਲੈਨਿਨਵਾਦ ਵਿਰੋਧੀ ਓਪਰਾ ਪਰਭਾਵ ਨਹੀਂ ਸਮਝਦੇ ਤੇ ਉਸ ਨੂੰ ਵੀ ਨਕਸਲਵਾਦ ਵਾਂਗ ਭਾਰਤੀ ਇਨਕਲਾਬ ਲਈ ਪਰਖਕੇ ਵੇਖਣਾ ਚਾਹੁੰਦੇ ਹਨ। ਉਹਨਾਂ ਦੇ ਸ਼ਬਦਾਂ ਵਿਚੋਂ ਦਾਸ ਤਾਂ ਇਹ ਕੁਝ ਸਮਝ ਸਕਿਆ ਹੈ।

ਵੀਰ ਪਾਸ਼ ਦੇ ਟ੍ਰਾਟਸਕੀਵਾਦ ਦੇ ਹੱਕ ਵਿਚ ਤੇ ਸਾਥੀ ਸਟਾਲਿਨ ਦੇ ਵਿਰੁਧ ਕਹੇ ਸ਼ਬਦਾਂ ਨੇ ਦਾਸ ਨੂੰ ਮਾਨਸਿਕ ਤੌਰ ਤੇ ਦੁਖ ਪਹੁੰਚਾਇਆ ਹੈ। ਦਾਸ ਪਾਸ਼ ਨੂੰ ਵਿਚਾਰਾਂ ਦੇ ਪੱਖੋਂ 'ਇਨਕਲਾਬੀ' ਸਮਝਦਾ ਸੀ, ਤੇ ਇਨਕਲਾਬੀਆਂ ਨੇ ਕਦੇ ਵੀ ਸਾਥੀ ਸਟਾਲਿਨ ਵਿਰੁਧ ਉਹ ਸ਼ਬਦ ਨਹੀਂ ਕਹੇ ਸਨ, ਜਿਹੜੇ ਪਾਸ਼ ਨੇ ਵਰਤੇ ਹਨ। ਦਾਸ ਨੂੰ ਹਾਲੇ ਇਕ ਸ਼ਕ ਤਾਂ ਨਹੀਂ ਕਿ ਪਾਸ਼ ਹੁਣ ਟ੍ਰਾਟਸਕੀਵਾਦੀ ਬਣ ਗਿਆ ਹੈ। ਪਰੰਤੂ ਉਹਦੇ ਕਹੇ ਸ਼ਬਦਾਂ ਨੂੰ ਕੀ ਸਮਝਿਆ ਜਾਵੇ? ਕੀ ਪਾਸ਼, ਸਾਥੀ ਸਟਾਲਿਨ ਬਾਰੇ ਇਕੱਲਾ ਹੀ ਇਹ ਸੋਚ ਰੱਖਦਾ ਹੈ, ਜਾਂ ਸਾਰੇ ਹੀ 'ਇਨਕਲਾਬੀ' ਪਾਸ਼ ਤੇ ਗੁਰਸ਼ਰਨ ਹੁਰਾਂ ਵਾਂਗ ਸੋਚਣ ਲੱਗ ਪਏ ਹਨ? ਇਹ ਮਸਲਾ ਗੌਰ ਤਲਬ ਹੈ। ਆਸ ਹੈ, ਦੋਨੋਂ ਸਾਥੀ ਤੇ ਹੋਰ ਇਨਕਲਾਬੀ ਇਸ ਦੀ ਵਿਆਖਿਆ ਕਰਨਗੇ।

ਦਾਸ ਦੇ ਸੰਕੋਚਵੇਂ ਸ਼ਬਦਾਂ ਨੂੰ ਵੀਰ ਪਾਸ਼ ਤੇ ਗੁਰਸ਼ਰਨ ਸਿੰਘ ਨੇ ਅਗਿਆਨਤਾ ਤੇ ਬੇਸਮਝੀ ਕਰਾਰ ਦਿੱਤਾ ਹੈ। ਦਾਸ ਮਾਰਕਸਵਾਦ-ਲੈਨਿਨਵਾਦ ਦਾ ਨਿਗੂਣਾ ਜਿਹਾ ਵਿਦਿਆਰਥੀ ਹੈ। ਦਾਸ ਮਾਰਕਸਵਾਦ ਦੀ ਉਸ ਵਿਆਖਿਆ ਨੂੰ ਸਹੀ ਮਾਰਕਸਵਾਦ ਸਮਝਦਾ ਹੈ, ਜਿਹੜੀ ਸਾਥੀ ਲੈਨਿਨ ਨੇ ਕੀਤੀ ਹੈ, ਅਤੇ ਸਾਥੀ ਸਟਾਲਿਨ ਨੂੰ ਲੈਨਿਨਵਾਦ ਦੀ ਓਪਰੇ ਪ੍ਰਭਾਵਾਂ ਤੋਂ ਰਾਖੀ ਕਰਨ ਵਾਲਾ ਸੱਚਾ ਲੈਨਿਨਵਾਦੀ ਸਮਝਦਾ ਹੈ। ਕੁਝ ਸਮਾਂ ਪਹਿਲਾਂ ਟ੍ਰਾਟਸਕੀਵਾਦ ਬਾਰੇ ਦਾਸ ਦਾ ਗਿਆਨ ਉਨਾ ਕੁ ਸੀ, ਜਿੰਨਾ ਕੁ ਟ੍ਰਾਟਸਕੀਵਾਦੀਆਂ ਦਾ ਮਾਰਕਸਵਾਦ-ਲੈਨਿਨਵਾਦ ਬਾਰੇ ਹੈ। ਪਰੰਤੂ ਅਜੋਕੇ ਸਮੇਂ ਵਿਚ ਕੋਈ ਮਾਰਕਸਵਾਦ ਦਾ ਗੰਭੀਰ ਵਿਦਿਆਰਥੀ ਘਰ ਦਾ ਗੁਟਕਾ ਪੜ੍ਹਕੇ ਵਿਚਾਰ ਧਾਰਕ ਖੇਤਰ ਵਿਚ ਨਹੀਂ ਲੜ ਸਕਦਾ। ਦਾਸ ਇਸ ਪੱਖ ਬਾਰੇ ਚੇਤੰਨ ਹੈ। ਪਰੰਤੂ ਹਾਲੇ ਦਾਸ ਟ੍ਰਾਟਸਕੀਵਾਦ ਨੂੰ ਵਿਚਾਰ ਧਾਰਕ ਪੱਖੋਂ ਕੋਈ ਅਹਿਮੀਅਤ ਨਹੀਂ ਦਿੰਦਾ। ਹਾਲੇ ਇਹ ਕੇਵਲ ਕੁਝ ਵਿਅਕਤੀਆਂ ਦੇ ਮੂੰਹ ਦਾ ਸਵਾਦ ਬਦਲਣ ਲਈ ਹੈ। ਇਸ ਗੱਲ ਵਿਚ ਸ਼ਕ ਨਹੀਂ ਕਿ ਪੰਜਾਬ ਵਿਚ ਵੀ ਫੈਸ਼ਨ ਦੇ ਤੌਰ ਤੇ ਇਸ ਨੂੰ ਅਪਨਾਉਣ ਲਈ ਕੋਈ ਬੁਰਜਵਾ ਬੁਧੀਜੀਵੀ ਮਿਲ ਜਾਣਗੇ, ਪਰ ਇਹ ਵੀ ਹਾਲੇ ਸਮੇਂ ਦੀ ਗੱਲ ਹੈ।

•ਦਾਸ ਜਨਮ ਭਰੇ ਟ੍ਰਾਟਸਕੀਵਾਦੀਆਂ ਦੀ ਸੇਵਾ ਵਿਚ ਬੇਨਤੀ ਕਰਦਾ ਹੈ, ਕਿ ਜਨਮ ਸਮੇਂ ਦਾ ਮਲ ਮੂਤਰ ਤਾਂ ਉਹ ਆਪ ਹੀ ਸਾਂਭਣ, ਦਾਸ ਇਹ ਕੁਝ ਕਰਨ ਤੋਂ ਇਨਕਾਰੀ ਹੈ, ਤੇ ਇਸ ਬਦਲੇ ਬੇ ਸਮਝ ਅਖਵਾਉਣ ਲਈ ਵੀ ਤਿਆਰ ਹੈ।

**ਸਪੱਸ਼ਟ ਕਰਨ**—ਸੁਰਜੀਤ ਗਿੱਲ ਹੋਰਾਂ ਨੂੰ ਮੈਂ ਸਪੱਸ਼ਟ ਕਰ ਦੇਵਾਂ ਕਿ ਸੰਪਾਦਕੀ ਨੋਟ ਇਕ ਕੋਆਰਡੀਨੇਟਰ ਦਾ ਨੋਟ ਹੈ। ਇਸ ਵਿਚੋਂ ਕਿਸੇ ਕਿਸਮ ਦੀ ਪ੍ਰਤੀਬੱਧਤਾ ਨਾ ਵੇਖੀ ਜਾਏ ਮੇਰੀ ਪ੍ਰਤੀਬੱਧਤਾ ਸਿਰਫ਼ ਉਹਨਾਂ ਵਿਚਾਰਾਂ ਨਾਲ ਹੈ ਜੋ ਇਹ ਹਮਾਰਾ ਜੀਵਣਾ 'ਮੇਰੇ ਆਪਣੇ ਨਾਂ' ਭੁੱਲੇ ਅਤੇ ਜਿਨ੍ਹਾਂ ਦਾ ਇਕੋ ਨਿਸ਼ਾਨਾ ਸੁਹਿਰਦ ਕਮਿਊਨਿਸਟਾਂ ਦਾ ਏਕਾ ਹੈ — ਗੁਰਸ਼ਰਨ ਸਿੰਘ।

੦

## 4. ਬਾਣੀ 'ਪੰਡਤਾਂ' ਦੀ / ਰਣਜੀਤ ਪੁਰੀ ਸਖਪਾਲ

'ਸਰਦਲ' ਦੇ ਮਈ ਅੰਕ ਵਿਚ ਸੁਰਜੀਤ ਗਿੱਲ ਦਾ ਲੇਖ 'ਚਿੱਲੀ ਬਾਰੇ' ਛਪਿਆ, ਜਿਸ ਵਿਚ ਉਹਨਾਂ ਨੇ ਫਰਵਰੀ ਅੰਕ ਵਿੱਚ ਚਿਲੀ ਦੀਆਂ ਘਟਨਾਵਾਂ ਸੰਬੰਧੀ ਛਪੇ ਤਿੰਨ ਲੇਖਾਂ ਤੋਂ ਉਹਨਾਂ ਦੇ ਲੇਖਕਾਂ ਬਾਰੇ ਨਿਰਣੇ ਦਿਤੇ ਹਨ। ਇਹਨਾਂ ਵਿਚੋਂ ਇਕ ਲੇਖ ਦੇ ਲੇਖਕ ਪ੍ਰੀਤਮ ਸਿੰਘ ਗਿੱਲ ਤੇ ਟ੍ਰਾਟਸਕੀਵਾਦੀ ਹੋਣ ਦੀ ਛਾਪ ਲਾ ਦਿਤੀ ਤੇ ਇਸ ਸਬੰਧੀ ਕੋਈ ਦਲੀਲ ਦੇਣੀ ਫਜ਼ੂਲ ਸਮਝੀ। ਆਪਣੇ ਕਥਨ ਨੂੰ ਦਲੀਲਾਂ ਤੇ ਵਿਆਖਿਆ ਸਹਿਤ ਸਿੱਧ ਕਰਨ ਤੋਂ ਇਹ ਕਹਿ ਕੇ ਭੱਜ ਨਿਕਲੇ, 'ਪ੍ਰੀਤਮ ਸਿੰਘ ਗਿੱਲ ਦੇ ਲੇਖ ਬਾਰੇ ਬਹੁਤ ਕੁਝ ਕਿਹਾ ਜਾ ਸਕਦਾ ਹੈ, ਪ੍ਰੰਤੂ ਇਸ ਬਾਰੇ ਕੁਝ ਭੀ ਕਹਿਣਾ ਪ੍ਰੀਤਮ ਸਿੰਘ ਗਿੱਲ ਤੇ ਟ੍ਰਾਟਸਕੀਵਾਦੀਆਂ ਦੇ ਹੱਕ ਵਿਚ ਕਹਿਣਾ ਹੋਵੇਗਾ।'

ਕਿੰਨੀ ਹਾਸੋ ਹੀਣੀ ਗੱਲ ਹੈ! ਜਿਸਨੂੰ ਅਸੀਂ ਮਾਰਕਸਵਾਦ ਦਾ ਦੁਸ਼ਮਣ ਸਮਝਦੇ ਹਾਂ, ਉਸ ਦੇ ਅਮਲਾਂ ਤੇ ਲਿਖਤਾਂ ਦੀ ਬੇਕਿਰਕ ਆਲੋਚਨਾ ਕਰ ਕੇ ਉਸ ਨੂੰ ਪਾਠਕਾਂ ਤੇ ਲੋਕਾਂ ਵਿਚ ਨੰਗਿਆਂ ਕਰਨਾ ਚਾਹੀਦਾ ਹੈ ਤੇ ਇਹ ਗੱਲ ਸਿੱਧੀ ਮਾਰਕਸਵਾਦ ਦੇ ਹਿੱਤ ਵਿਚ ਜਾਂਦੀ ਹੈ, ਨਾ ਕਿ ਇਸ ਦੇ ਦੁਸ਼ਮਣਾਂ ਦੇ ਹਿਤ ਵਿਚ। ਕੀ ਲੈਨਿਨ ਨੇ ਟ੍ਰਾਟਸਕੀ, ਮੈਨਸ਼ਵਿਕਾਂ, ਖੱਬੇ ਕਮਿਊਨਿਸਟਾਂ ਆਦਿ ਮਾਰਕਸਵਾਦ ਦੇ ਦੁਸ਼ਮਣਾਂ ਦੇ ਕੰਮਾਂ ਤੇ ਵਿਚਾਰਾਂ ਦੀ ਆਲੋਚਨਾ ਕਰ ਕੇ ਮਾਰਕਸਵਾਦ ਦੀ ਸੇਵਾ ਕੀਤੀ ਜਾਂ ਇਸ ਦੇ ਇਹਨਾਂ ਦੁਸ਼ਮਣਾਂ ਦੀ? ਨਿਸ਼ਚੇ ਹੀ ਮਾਰਕਸਵਾਦ ਦੀ।

ਜੋ 'ਟ੍ਰਾਟਸਕੀਵਾਦੀਆਂ' ਦੀ ਲਿਖਤ ਬਾਰੇ ਕੁਝ ਵੀ ਕਹਿਣਾ ਉਨ੍ਹਾਂ ਦੇ ਹੱਕ ਵਿਚ ਕਹਿਣਾ ਹੋਵੇਗਾ। ਇਹ ਹੈਰਾਨ ਕਰਨ ਦੀ ਹੱਦ ਤਕ ਗਲਤ ਵਿਚਾਰ ਸੁਰਜੀਤ ਗਿੱਲ ਦੇ ਦਿਮਾਗ ਦੀ ਹੀ ਕਾਢ ਹੈ।

ਹਾਂ, ਇਹਨਾਂ ਕਥਿਤ ਦੁਸ਼ਮਣਾਂ ਦੇ ਵਿਕਾਸ ਬਾਰੇ

ਘਨਣਾ ਪਾਉਣ ਦੀ ਕੋਸ਼ਸ਼ ਜ਼ਰੂਰ ਕੀਤੀ ਹੈ ਅਤੇ ਸੰਪਾਦਕ ਤੇ ਗਿਲਾ ਪ੍ਰਗਟ ਕਰਦੇ ਹਨ ਕਿ ਉਸ ਨੇ ਮਾਰਕਸਵਾਦ ਲੈਨਿਨਵਾਦ ਦੇ ਵਿਰੋਧੀਆਂ ਨੂੰ ਵੀ ਛਾਪਣਾ ਆਰੰਭ ਕਰ ਦਿਤਾ ਹੈ। ਜੇ ਇਹ ਕਥਿਤ ਟਰਾਟਸਕੀਵਾਦੀ 'ਸਰਦਲ' ਵਿਚ ਨਾ ਛਪਦਾ ਕਿਸੇ ਹੋਰ ਪਰਚੇ ਵਿਚ ਛਪਦਾ ਜਾਂ ਕਿਤੇ ਵੀ ਨਾ ਛਪਦਾ, ਤਾਂ ਸ਼ਾਇਦ ਮਾਰਕਸਵਾਦ ਲੈਨਿਨਵਾਦ ਦਾ ਇਹ ਵਿਰੋਧੀ (ਗਿੱਲ ਦੇ ਕਹਿਣ ਅਨੁਸਾਰ) ਛੁਪਿਆ ਰਹਿ ਜਾਂਦਾ। ਗਿੱਲ ਸਾਹਿਬ, ਸੰਪਾਦਕ ਨੇ ਤਾਂ ਤੁਹਾਡੇ ਲਈ ਸੁਨਹਿਰੀ ਮੌਕਾ ਪੈਦਾ ਕੀਤਾ ਕਿ ਤੁਸੀਂ ਇਕ ਟਰਾਟਸਕੀ-ਵਾਦੀ ਦਾ ਭਾਂਡਾ ਚੁਰਾਹੇ ਵਿਚ ਭੰਨੋ। ਪਰ ਤੁਸੀਂ ਉਨ੍ਹਾਂ ਦੇ ਟਰਾਟਸਕੀਵਾਦੀ ਹੋਣ ਦੀ ਘੋਸ਼ਣਾ ਕਰਨ ਅਤੇ ਸੰਪਾਦਕ ਤੇ ਗਿਲਾ ਪ੍ਰਗਟ ਕਰਨ ਤੋਂ ਵਧ ਕੁਝ ਨਾ ਕਰ ਸਕੇ। ਮੈਂ ਨਹੀਂ ਕਹਿੰਦਾ ਕਿ ਪ੍ਰੀਤਮ ਸਿੰਘ ਗਿੱਲ ਟਰਾਟਸਕੀਵਾਦ ਹੈ ਜਾਂ ਨਹੀਂ (ਇਸ ਬਾਰੇ ਹੋ ਸਕਿਆ ਤਾਂ ਵੱਖਰੇ ਲੇਖ-ਵਿਚਾਰ ਪ੍ਰਗਟ ਕਰਾਂਗਾ) ਮੇਰਾ ਭਾਵ ਹੈ ਕਿ ਜਦੋਂ ਕਿਸੇ ਤੇ ਦੋਸ਼ ਲਾਉਂਦੇ ਹਾਂ, ਤਾਂ ਨਿਰੀ ਪੁਰੀ ਘੋਸ਼ਣਾ ਹੀ ਨਾ ਕਰੀਏ, ਸਗੋਂ ਆਪਣੇ ਕਥਨ ਦਾ ਸਪੱਸ਼ਟੀਕਰਨ ਦਲੀਲਾਂ ਸਹਿਤ ਕਰੀਏ ਨਹੀਂ ਤਾਂ ਸਬਰ ਤੋਂ ਕੰਮ ਲਈਏ।

'ਸੁਧਾਕਰ, ਰੈਡੀ ਸੱਜੀ ਕਮਿਊਨਿਸਟ ਪਾਰਟੀ ਦੇ ਵਿਚਾਰ ਨਿਰਣੇ ਪੇਸ਼ ਕਰਦਾ ਹੈ। ਉਹਦੇ ਨਿਰਣੇ ਕੌਮਾਂਤਰੀ ਸੋਧਵਾਦੀ ਨਿਰਣੇ ਹਨ।' ਇਸ ਲਈ ਗਿੱਲ ਸਾਹਿਬ ਨੇ ਉਨ੍ਹਾਂ ਦੇ ਲੇਖ ਬਾਰੇ ਵੀ ਕੋਈ ਸ਼ਬਦ ਕਹਿਣ ਦੀ ਖੇਚਲ ਨਹੀਂ ਕੀਤੀ। ਇਹ ਤਾਂ ਕੰਮ ਹੀ ਬੜਾ ਆਸਾਨ ਹੈ। ਜਦ ਸੋਧਵਾਦੀਆਂ ਬਾਰੇ ਪਤਾ ਹੀ ਹੈ ਕਿ ਇਹ ਸੋਧਵਾਦੀ ਹਨ ਤਾਂ ਉਨ੍ਹਾਂ ਬਾਰੇ ਕੁਝ ਕਹਿਣ ਲਈ ਐਵੇਂ ਮਗਜ਼ ਖਪਾਈ ਕਰਨ ਤੇ ਵਕਤ ਜ਼ਾਇਆ ਕਰਨ ਦੀ ਕੀ ਜ਼ਰੂਰਤ ਹੈ? ਤਾਂ ਤੇ ਲੈਨਿਨ ਦੇ ਦਿਮਾਗ਼ ਵਿਚ ਜ਼ਰੂਰ ਕੋਈ ਨਾ ਕੋਈ ਗੜਬੜ ਹੋਵੇਗੀ ਜੋ ਆਪਣੇ ਸਮੇਂ ਦੇ ਸੋਧਵਾਦੀਆਂ ਨੂੰ ਚੰਗੀ ਤਰ੍ਹਾਂ ਜਾਣਦਾ ਸੀ ਕਿ ਇਹ ਸੋਧਵਾਦੀ ਹੀ ਹਨ, ਪਰ ਫਿਰ ਵੀ ਉਨ੍ਹਾਂ ਦੀ ਅਲੋਚਨਾ ਕਰਦਾ ਹੋਇਆ ਐਵੇਂ ਵਰਕੇ ਕਾਲੇ ਕਰੀ ਜਾਂਦਾ ਸੀ। ਕਾਸ਼, ਉਸ ਵੇਲੇ ਉਨ੍ਹਾਂ ਨੂੰ ਨੇਕ ਸਲਾਹ ਦੇਣ ਲਈ ਕੋਈ ਸੁਰਜੀਤ ਗਿੱਲ ਹੁੰਦਾ ਤਾਂ ਉਨ੍ਹਾਂ ਦਾ ਇਤਨਾ ਸਮਾਂ ਕਿਸੇ ਹੋਰ ਚੰਗੇ ਤੇ ਜ਼ਰੂਰੀ ਕੰਮ ਲਈ ਬਚ ਜਾਂਦਾ।

ਫਿਰ ਓਮ ਪ੍ਰਕਾਸ਼ ਸ਼ਰਮਾ ਦੇ ਲੇਖ ਵੱਲ ਆਉਂਦੇ ਹਨ ਜਿਸ ਤੇ ਉਨ੍ਹਾਂ ਦੇ ਕਹਿਣ ਅਨੁਸਾਰ ਉਨ੍ਹਾਂ ਦਾ ਉਚੇਚਾ ਧਿਆਨ ਮੰਗਿਆ। ਓਮ ਪ੍ਰਕਾਸ਼ ਨੇ C.P.M. ਦੇ ਕੇਂਦਰੀ ਕਮੇਟੀ ਦੇ ਮਤੇ ਤੇ ਟਿੱਪਣੀ ਕੀਤੀ ਸੀ। ਗਿੱਲ ਜੀ ਮਤੇ 'ਚੋਂ ਅੰਗਰੇਜ਼ੀ ਵਿਚ ਇਕ ਟੂਕ ਦੇ ਕੇ ਕੁਝ ਥੱਕ ਗਏ ਤੇ ਓਮ ਪ੍ਰਕਾਸ਼ ਨੂੰ ਪੁੱਛਣ ਲੱਗੇ ਕਿ ਉਸਦਾ ਰੋਣਾ ਬੰਦ ਹੋਇਆ ਹੈ ਜਾਂ ਅਜੇ ਵੀ ਜਾਰੀ ਹੈ। ਕਿਉਂਕਿ ਇਸ ਲੇਖ ਨੇ ਗਿੱਲ ਸਾਹਿਬ ਨੂੰ ਜ਼ਰਾ ਜ਼ਿਆਦਾ ਤੰਗ ਕੀਤਾ, ਇਸ ਲਈ ਆਪਣਾ ਬਿਆਨ ਅਜੇ ਜਾਰੀ ਰੱਖਦੇ ਹਨ। ਅਗਾਂਹ ਫੁਰਮਾਉਂਦੇ ਹਨ;

"ਉਥੇ (ਚਿੱਲੀ ਵਿਚ) ਮਾਰੇ ਜਾਣ ਵਾਲੇ ਸ਼ਹੀਦ ਹਨ। ਉਨ੍ਹਾਂ ਨੂੰ ਸ਼ਰਧਾਂਜਲੀਆਂ ਹੀ ਭੇਟ ਕੀਤੀਆਂ ਜਾਣਗੀਆਂ ਗਲਤੀਆਂ ਲਈ ਕੋਸਿਆ ਨਹੀਂ ਜਾ ਸਕਦਾ। ਸ੍ਰੀ ਓਮ ਪ੍ਰਕਾਸ਼ ਇਹੋ ਫਾਰਮੂਲਾ ਨਕਸਲਬਾੜੀ ਲਹਿਰ ਵਿਚ ਮਾਰੇ ਗਏ ਵਿਅਕਤੀਆਂ ਤੇ ਲਾਗੂ ਕਰ ਵੇਖਣ! ......"

ਜਿਥੋਂ ਤੱਕ ਗਲਤੀਆਂ ਲਈ ਕੋਸਣ ਦਾ ਸੁਆਲ ਹੈ, ਸੱਚੇ ਮਾਰਕਸਵਾਦੀ ਕੀਤੀਆਂ ਗਈਆਂ ਗਲਤੀਆਂ ਤੇ ਇਸ ਦੇ ਜ਼ਿੰਮੇਵਾਰਾਂ ਦੀ ਸਖਤ ਅਲੋਚਨਾ ਤੇ ਪੜਚੋਲ ਕਰਦੇ ਹਨ ਤੇ ਭਵਿੱਖ ਵਿਚ ਇਨ੍ਹਾਂ ਤੋਂ ਸਬਕ ਲੈ ਕੇ ਚੱਲਦੇ ਹਨ। ਫਿਰ ਚਿੱਲੀ ਦੇ ਫਾਰਮੂਲੇ ਨੂੰ ਨਕਸਲਬਾੜੀ ਲਹਿਰ ਤੇ ਲਾਗੂ ਕਰਨ ਦੀ ਗੱਲ ਕੀਤੀ ਹੈ। ਅੱਠਵੀਂ ਸ਼੍ਰੇਣੀ ਵਿਚ ਪੜ੍ਹਦੇ ਬੱਚੇ ਬੜੀ ਚੰਗੀ ਤਰ੍ਹਾਂ ਜਾਣਦੇ ਹਨ ਕਿ ਇਕਾਈ ਦਾ ਫਾਰਮੂਲਾ ਵਿਆਜ ਪੜ ਵਿਆਜ ਦੇ ਸੁਆਲਾਂ ਵਿਚ ਲਾ ਦੇਈਏ ਜਾਂ ਵਿਆਜ ਪੜ ਵਿਆਜ ਦਾ ਫਾਰਮੂਲਾ ਇਕਾਈ ਦੇ ਸੁਆਲਾਂ ਵਿਚ ਲਾ ਦੇਈਏ ਤਾਂ ਸੁਆਲ ਕਿਸੇ ਕੰਢੇ ਬੰਨੇ ਤਾਂ ਕੀ ਲੱਗਣਾ ਹੈ ਇਕ ਇੰਚ ਵੀ ਅਗਾਂਹ ਨਹੀਂ ਤੁਰੇਗਾ ਤੇ ਇੰਝ ਕਹਿਣ ਵਾਲੇ ਵਰਗਾ ਰੰਗੀਨ ਪਾਗਲ ਸ਼ਾਇਦ ਹੀ ਕਿਧਰੇ ਮਿਲੇ।

ਇਸੇ ਤਰ੍ਹਾਂ ਗਿੱਲ ਸਾਹਿਬ ਨੂੰ ਚਿੱਲੀ ਦੀਆਂ ਘਟਨਾਵਾਂ ਦੀ ਨਕਸਲਬਾੜੀ ਦੇ ਹਥਿਆਰ ਬੰਦ ਘੋਲ ਨਾਲ ਤੁਲਨਾ ਕਰਨ ਲੱਗਿਆਂ ਜ਼ਰਾ ਜਿੰਨਾ ਵੀ ਸੰਕੋਚ ਨਹੀਂ ਹੋਇਆ। ਇਕ ਪਾਸੇ ਫੌਜੀ ਜੁੰਡਲੀ ਨੇ ਆਪਣੀ ਪ੍ਰਭੂ ਸੱਤਾ ਕਾਇਮ ਕਰਨ ਲਈ ਨਿਰਦੋਸ਼ ਲੋਕਾਂ ਦਾ ਕਤਲੇਆਮ ਕੀਤਾ ਜਦ ਕਿ ਦੂਜੇ ਪਾਸੇ ਕਿਸਾਨਾਂ ਨੇ ਜ਼ੁਲਮਾਂ ਤੇ ਲੁੱਟ ਖਸੁੱਟ ਵਿਰੁੱਧ ਹਥਿਆਰਬੰਦ ਘੋਲ ਲੜਿਆ (ਰਾਜਸੀ ਤੌਰ ਤੇ ਜਾਗ੍ਰਿਤ ਹੋ ਕੇ) ਭਾਵੇਂ ਕੁਝ ਗਲਤੀਆਂ ਕਾਰਨ ਵਕਤੀ ਸੱਟਾਂ ਲੱਗੀਆਂ। ਏਥੇ ਸੁਰਜੀਤ ਬਿਲਕੁਲ ਉਸ ਅਧਿਆਪਕ ਵਾਲਾ ਰੋਲ ਅਦਾ ਕਰਦੇ ਹਨ ਜੋ ਬੱਚਿਆਂ ਨੂੰ ਭੰਬਲ-ਭੂਸਿਆਂ ਵਿਚ ਪਾਉਣ ਲਈ ਅਜਿਹਾ ਸੁਆਲ ਕਰਦਾ ਹੈ, 'ਜੇ ਇਕ ਦਰਜਨ ਸੰਤਰਿਆਂ ਦੀ ਕੀਮਤ ਤਿੰਨ ਰੁਪਏ ਪਵੇ ਤਾਂ ਦੋ ਦਰਜਨ ਕੇਲਿਆਂ ਦੀ ਕੀਮਤ ਕਿੰਨੀ

ਹੋਵੇਗੀ ?"

ਚਿੱਲੀ ਦੀਆਂ ਘਟਨਾਵਾਂ ਨੂੰ ਵਧਾ ਚੜ੍ਹਾ ਕੇ ਦੱਸਣ (ਉਥੇ ਲੋਕ ਲੜੇ ਕਹਿਣ) ਦੀ ਸੀ. ਪੀ. ਐਮ. ਦੀ ਨੀਤੀ ਦੀ ਵਕਾਲਤ ਗਿੱਲ ਸਾਹਿਬ ਇਉਂ ਕਰਦੇ ਹਨ ?

'ਉਥੋਂ ਦੇ ਲੋਕਾਂ ਦੇ ਗੁੱਸੇ ਨੂੰ ਵਧਾ ਕੇ ਪੇਸ਼ ਕਰਨਾ ਹਕੀਕਤਾਂ ਨੂੰ ਤਰੋੜਨਾ ਮਰੋੜਨਾ ਨਹੀਂ, ਉਥੋਂ ਦੇ ਯੂਨਿਟ (ਫੌਜੀ ਜੁੰਡੀ) ਵਿਰੁੱਧ ਨਫਰਤ ਨੂੰ ਪਰਚੰਡ ਕਰਨਾ ਹੈ।'

ਜੇ ਅੱਖਾਂ ਬੰਦ ਕਰਕੇ ਤੇ ਦਿਮਾਗ ਨੂੰ ਕੋਲਡ ਸਟੋਰ ਵਿਚ ਜਮ੍ਹਾਂ ਕਰਾ ਕੇ ਇਹ ਗੱਲ ਸੁਣੀਏ ਤਾਂ ਸ਼ਾਇਦ ਕੁਝ ਜਚ ਜਾਵੇ ਪਰ ਹਕੀਕਤ ਇਸ ਦੇ ਬਿਲਕੁਲ ਉਲਟ ਹੈ, ਜੇ ਅਸੀਂ ਹਕੀਕਤਾਂ ਨੂੰ ਤਰੋੜ ਮਰੋੜ ਕੇ ਇਹ ਕਹੀਏ ਕਿ ਉਥੇ ਲੋਕ ਲੜੇ ਹਨ ਤਾਂ ਫੌਜੀ ਜੁੰਡਲੀ ਵਿਰੁੱਧ ਨਫਰਤ ਉਤਨੀ ਪ੍ਰਚੰਡ ਨਹੀਂ ਹੁੰਦੀ ਜਿਤਨੀ ਇਹ ਹੋਣੀ ਸੀ ਜੇ ਅਸੀਂ ਜੋ ਕੁਝ ਉਥੇ ਵਾਪਰਿਆ ਬਿਲਕੁਲ ਉਸੇ ਤਰ੍ਹਾਂ ਦੱਸੀਏ। ਕਿਉਂਕਿ ਜਦੋਂ ਦੋ ਧਿਰਾਂ ਲੜਦੀਆਂ ਹਨ ਤਾਂ ਦੋਨਾਂ ਦਾ ਨੁਕਸਾਨ ਹੋਣਾ ਕੁਦਰਤੀ ਗੱਲ ਹੈ ਤੇ ਇਸ ਵਿਚ ਕਿਸੇ ਨੂੰ ਬਹੁਤਾ ਰੰਜਸ਼ ਨਹੀਂ। ਪਰ ਜਦੋਂ ਫੌਜੀ ਜੁੰਡੀ ਆਪਣੀ ਪ੍ਰਭੂ ਸੱਤਾ ਕਾਇਮ ਕਰਨ ਲਈ ਨਿਹੱਥੇ ਲੋਕਾਂ ਦਾ ਕਤਲੇਆਮ ਕਰਦੀ ਹੈ (ਜਿਵੇਂ ਚਿੱਲੀ ਵਿਚ ਹੋਇਆ ਹੈ) ਤਾਂ ਉਸ ਵਿਰੁੱਧ ਨਫਰਤ ਵਧੇਰੇ ਪ੍ਰਚੰਡ ਹੁੰਦੀ ਹੈ।

ਇਹ ਇਕ ਆਮ ਰਿਵਾਜ ਹੈ ਕਿ ਇਸ ਕਿਸਮ ਦੇ ਮਾਰਕਸਵਾਦ-ਲੈਨਿਨਵਾਦ ਦੇ 'ਪੰਡਿਤ' (ਜ਼ੋਰ ਸਾਡਾ) ਆਪਣੇ ਤੇ ਕਿੰਤੂ ਕਰਨ ਵਾਲਿਆਂ ਨੂੰ ਬੁੱਧੂ ਸਮਝਦੇ ਹੋਏ ਉਨ੍ਹਾਂ ਨੂੰ ਨਸੀਹਤ ਦੇਣਗੇ ਕਿ ਕੁਝ ਕਹਿਣ ਤੋਂ ਪਹਿਲਾਂ ਮਾਰਕਸਵਾਦ-ਲੈਨਿਨਵਾਦ ਦਾ ਡੂੰਘਾ ਅਧਿਐਨ ਕਰੋ ਅੰਤ ਵਿਚ ਇਹ ਨਸੀਹਤ ਕਰਨੀ ਗਿੱਲ ਸਾਹਿਬ ਵੀ ਨਹੀਂ ਭੁੱਲੇ। ਸਾਰਾ ਲੇਖ ਪੜ੍ਹਕੇ ਇਝ ਜਾਪਦਾ ਹੈ ਕਿ ਸੁਰਜੀਤ ਗਿੱਲ ਨੂੰ ਸ਼ਾਇਦ ਭੁਲੇਖਾ ਲੱਗ ਗਿਆ ਹੋਵੇ ਕਿ ਜੋ ਉਨ੍ਹਾਂ ਨੇ ਕਹਿਣਾ ਹੈ ਪਾਠਕਾਂ ਨੇ 'ਧੁਰ ਦੀ ਬਾਣੀ' ਸਮਝ ਕੇ ਸੱਤ ਮੰਨ ਲੈਣਾ ਹੈ ਇਸ ਲਈ ਬਹੁਤੇ ਸਪੱਸ਼ਟੀ ਕਰਨ ਜਾਂ ਦਲੀਲਾਂ 'ਚ ਪੈਣ ਦੀ ਕੀ ਲੋੜ ਹੈ।

ਲੇਖ ਵਿਚ ਕਈ ਨਵੇਂ ਤੇ ਅਨੋਖੇ ਨੁਕਤੇ ਪੇਸ਼ ਕੀਤੇ ਗਏ ਹਨ। ਜੇ ਇਸ ਤਰ੍ਹਾਂ ਦੇ ਕੁਝ ਲੇਖ ਹੋਰ ਹੋ ਜਾਣ ਤਾਂ ਸ਼ਾਇਦ ਇਕ ਛੋਟਾ ਜਿਹਾ 'ਵਾਦ' ਬਣ ਜਾਏ। ਅਜਿਹੀ ਬਰਕਤ ਹੈ 'ਬਾਣੀ ਪੰਡਤਾਂ ਦੀ' ਵਿਚ।

ਮੈਂ ਉਪਰੋਕਤ ਕਿਸਮ ਦੇ ਪੰਡਤਾਂ ਵਾਂਗ ਸੁਰਜੀਤ ਗਿੱਲ ਨੂੰ ਮਾਰਕਸਵਾਦ-ਲੈਨਿਨਵਾਦ ਤੇ ਨਕਸਲਬਾੜੀ ਘੋਲ ਦਾ ਅਧਿਐਨ ਕਰਨ ਦਾ ਫੁਰਮਾਨ ਜਾਰੀ ਨਹੀਂ ਕਰਦਾ ਕਿਉਂਕਿ ਉਹ ਆਪ ਸਿਆਣੇ ਹਨ ਆਪੇ ਹੀ ਅਧਿਐਨ ਕਰ ਲੈਣਗੇ। ੦

**ਵਾਦ ਵਿਵਾਦ ਬਾਰੇ** / ਕੁਲਵੰਤ ਸਿੰਘ ਚੰਡੀਗੜ੍ਹ

ਅਜੋਕੇ ਸਮੇਂ ਵਿਚ 'ਸਰਦਲ' ਕਮਿਊਨਿਸਟ ਕੇਡਰ ਵਿਚ ਇਕ ਨਿਰਪੱਖ ਪਰਚਾ ਹੈ। 'ਸਰਦਲ' ਦੀ ਇਹ ਸਿਰਤੋੜ ਕੋਸ਼ਿਸ਼ ਹੈ ਕਿ ਤਿੰਨੇ ਕਮਿਊਨਿਸਟ ਪਾਰਟੀਆਂ ਦਾ ਕੇਡਰ ਇਕ ਜਗ੍ਹਾ ਇਕੱਠਾ ਹੋਵੇ ਤੇ ਇਕ ਸਿਧਾਂਤ ਤੇ ਇਕ ਸੋਚ ਤੇ ਚੱਲੇ। ਜਿਥੋਂ ਤਕ ਮੇਰਾ ਖਿਆਲ ਹੈ ਕਿ ਲਗਾਤਾਰ ਪਿਛਲੇ ਦੋ ਸਾਲ ਤੋਂ ਇਸ ਵਿਚਾਰ ਨੂੰ ਸਾਕਾਰ ਕਰਨ ਲਈ ਵੱਖ ਵੱਖ ਕਾਲਮ ਸ਼ੁਰੂ ਕਰ ਕੇ ਬਹਿਸਾਂ ਜਾਰੀ ਹਨ, ਪਰ ਅਜੇ ਤਕ ਅਰਜ਼ਲਟ ਕੁਝ ਵੀ ਨਹੀਂ। ਵੀਰ ਗੁਰਸ਼ਰਨ ਦੀ ਸੋਚ ਵਿਚ ਈਮਾਨਦਾਰੀ ਹੈ, ਪਰ ਬਾਕੀ ਕੁਝ ਲੋਕ ਜਿਹੜੇ ਕਿ ਲਗਾਤਾਰ ਇਸ ਬਹਿਸ ਵਿਚ ਹਿੱਸਾ ਲੈਂਦੇ ਆ ਰਹੇ ਹਨ, ਉਹ ਆਪਣੀਆਂ ਪਾਰਟੀਆਂ ਦੇ ਪੇਡ (ਹੋਲ ਟਾਈਮਰ) ਹੋਣ ਕਰ ਕੇ ਆਪਣੀ ੨ ਪਾਰਟੀ ਦੇ ਸਿਧਾਂਤ ਨੂੰ ਸਿੱਧ ਕਰਨ ਦੀ ਹੀ ਸਿਰਤੋੜ ਯਤਨ ਕਰ ਰਹੇ ਹਨ, ਉਹਨਾਂ ਦੀ ਸੋਚ ਵਿਚ ਇਮਾਨਦਾਰੀ ਨਹੀਂ, ਸਗੋਂ ਇਹ ਕੋਸ਼ਿਸ਼ ਹੈ ਕਿ ਕਿਸ ਤਰ੍ਹਾਂ ਦੂਸਰੀ ਪਾਰਟੀ ਦੇ ਬੁਲਾਰੇ ਦੇ ਵਿਚਾਰਾਂ ਨੂੰ ਕੰਡੈਮ ਕਰ ਕੇ ਆਪਣੇ ਵਿਚਾਰਾਂ ਨੂੰ ਠੀਕ ਦੱਸਿਆ ਜਾਵੇ। ਜਿਵੇਂ ਕਿ ਸੁਰਜੀਤ ਗਿੱਲ ਮਾਰਕਿਸਟ ਕਮਿਊਨਿਸਟ ਪਾਰਟੀ ਦਾ ਬੁਲਾਰਾ ਹੈ, ਹੁਣ ਉਸ ਦੇ ਵਿਚਾਰ ਕਦੇ ਵੀ 'ਸਰਦਲ' ਦੀ ਵਿਚਾਰਧਾਰਾ ਨਾਲ ਮੇਲ ਨਹੀਂ ਖਾ ਸਕਦੇ, ਕਿਉਂਕਿ ਉਹਦਾ ਨਜ਼ਰੀਆ ਇਹ ਸਿੱਧ ਕਰਨ ਲਈ 'ਸਰਦਲ' ਦੇ ਪੰਨੇ ਖਰਾਬ ਕਰੇਗਾ ਕਿ ਮਾਰਕਸਵਾਦ ਵੋਟਾਂ ਨਾਲ ਹੀ ਆ ਸਕੇਗਾ।

ਹੁਣ ਛੱਜੂ ਮਲ ਵੈਦ ਹੁਰਾਂ ਦੀ ਗੱਲ ਲਵੋ ਉਹ ਸੀ. ਪੀ. ਆਈ. ਦੇ ਬੁਲਾਰੇ ਅਤੇ ਮੋਹਰੀ ਲੀਡਰ ਹੋਣ ਕਰ ਕੇ ਹਰ ਤਰ੍ਹਾਂ ਦੀ ਸਚਾਈ ਨੂੰ ਝੁਠਲਾ ਕੇ ਆਪਣੀ ਪਾਰਟੀ ਦਾ ਪੱਖ ਸਿੱਧ ਕਰਨ ਲਈ ਹਰ ਤਰ੍ਹਾਂ ਦੀ ਨੁਕਤਾਚੀਨੀ ਤੇ ਭੈੜੀ ਸ਼ਬਦਾਵਲੀ ਵਰਤੇਗਾ। ਇਹਨਾਂ ਦੋਹਾਂ ਪਾਰਟੀਆਂ ਦੇ ਬੁਲਾਰੇ ਸਭ ਤੋਂ ਜ਼ਿਆਦਾ 'ਸਰਦਲ' ਵਿਚ ਬਹਿਸ ਗਰਮ ਰੱਖ ਰਹੇ ਹਨ, ਜਦੋਂ ਕਿ ਤੀਸਰੀ ਪਾਰਟੀ ਦਾ ਪੱਖ ਅਜੇ ਚੰਗੀ ਤਰ੍ਹਾਂ ਉਘਾੜ ਕੇ ਇਕ ਵੀ ਲੇਖਕ ਪੇਸ਼ ਨਹੀਂ ਕਰ ਸਕਿਆ। ਫਿਰ 'ਸਰਦਲ' ਦੀ ਸੋਧ ਕਿ ਕਮਿਊਨਿਸਟ ਕੇਡਰ ਇਕ ਸਿਧਾਂਤ ਤੇ ਇਕੱਠਾ ਹੋਵੇ। ਇਸ ਨਿਰਪੱਖਤਾ ਭਰੇ ਹੱਲ ਨੂੰ ਵੀਰ ਗੁਰਸ਼ਰਨ ਤੋਂ ਬਿਨਾਂ

ਹੋਰ ਕਿਸੇ ਕਲਮ ਨੇ ਪੂਰਾ ਨਹੀਂ ਕੀਤਾ, ਇਸ ਦਾ ਵੱਡਾ ਕਾਰਨ ਹੈ ਕਿ ਸੋਵੀਅਤ ਦੂਤਵਾਸ ਨੇ ਪੰਜਾਬੀ ਦੇ ਬੁਧੀਜੀਵੀਆਂ ਨੂੰ ਆਪਣੀ ਬੁਕਲ ਵਿਚ ਜਗ੍ਹਾ ਦਿਤੀ ਹੋਈ ਹੈ। ਇਸ ਲਈ ਉਹਨਾ ਦੀ ਸੋਚ ਸੀ. ਪੀ. ਆਈ. ਦਾ ਪੱਖ ਹੀ ਪੇਸ਼ ਕਰਦੀ ਹੈ, ਫਿਰ ਸਾਡੇ ਕਾਮਰੇਡ ਵਿਚਾਰੇ ਟਰਾਟਸਕੀ, ਸਟਾਲਿਨ, ਖਰੁਸ਼ਚੋਵ ਇਹਨਾ ਦੇ ਦੁਆਲੇ ਹੀ ਗਰੁਪਬੰਦੀ ਬਣਾ ਰਹੇ ਹਨ। ਇਹਨਾ ਦੀ ਸੋਚ ਵਿਚ ਇਹ ਕਦੇ ਆਉਂਦਾ ਹੀ ਨਹੀਂ ਕਿ ਭਾਰਤੀ ਸਰਮਾਇਦਾਰੀ ਦਾ ਖਾਸਾ ਕਿਸ ਤਰ੍ਹਾਂ ਖਤਮ ਹੋਵੇਗਾ। ਇਹ ਅਜੇ ਤਕ ਵਿਦਿਆਰਥੀ ਅਤੇ ਪੜ੍ਹੇ ਲਿਖੇ ਨੌਜਵਾਨ ਵਰਗ ਨੂੰ ਸਮਝਾ ਹੀ ਨਹੀਂ ਸਕੇ ਕਿ ਭਾਰਤੀ ਸਰਮਾਇਦਾਰਾਨਾ ਨਿਜ਼ਾਮ ਬਦਲੇਗਾ ਕਿਸ ਤਰ੍ਹਾਂ ?

ਮੇਰੇ ਦਿਮਾਗ ਦਾ ਖਾਸਾ ਇਥੇ ਕਿਸੇ ਕਿਸਮ ਦੀ ਨੁਕਤਾਚੀਨੀ ਨਹੀਂ ਸਗੋਂ ਕਮਿਊਨਿਜ਼ਮ ਦਾ ਇਕ ਵਿਦਿਆਰਥੀ ਹੋਣ ਕਰ ਕੇ ਅਤੇ ਇਸ ਵਿਚਾਰਧਾਰਾ ਨੂੰ ਸਾਰੀ ਦੁਨੀਆਂ ਦੇ ਕਾਮਿਆ ਦੀ ਭਲਾਈ ਵਾਲੀ ਵਿਚਾਰਧਾਰਾ ਮੰਨਦਾ ਹੋਣ ਕਰਕੇ ਇਮਾਨਦਾਰਾਨਾ ਸੋਚ ਨਾਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮੌਜੂਦਾ ਸੰਕਟ ਦੇ ਵਿਚ ਕਮਿਊਨਿਸਟ ਕੇਡਰ ਇਕ ਸਿਧਾਂਤ ਤੇ ਇਕ ਪਲੇਟਫਾਰਮ ਤੇ ਇਕੱਠਾ ਹੋਵੇ ਤੇ ਇਸ ਨਿਰਪੱਖਤਾ ਰੱਖਣ ਵਾਲੇ ਲੇਖਕ ਹੀ 'ਸਰਦਲ' ਵਿਚ ਛਾਪੇ ਜਾਣ, ਨਾਕਿ ਪਾਰਟੀਆਂ ਦੇ ਬੁਲਾਰੇ ਇਹ ਮੇਰੀ ਨਾਚੀਜ਼ ਦੀ ਰਾਇ ਹੈ, ਗਲਤ ਵੀ ਹੋ ਸਕਦੀ ਹੈ, ਪਰ ਅਜੇ ਤਕ ਤਾਂ ਮੈਂ ਸਮਝਦਾ ਹਾਂ ਕਿ 'ਖੱਬੂ' ਅਤੇ 'ਸੱਜੂ' ਹੀ 'ਸਰਦਲ' ਵਰਗੇ ਕੀਮਤੀ ਪਰਚੇ ਨੂੰ ਆਪਣੇ ਆਪਣੇ ਪ੍ਰਚਾਰ ਲਈ ਵਰਤ ਰਹੇ ਹਨ। ਇਸ ਸਚਾਈ ਤੋਂ ਮੂਹ ਮੋੜਨਾ ਨਹੀਂ ਚਾਹੀਦਾ ਕਿ ਵੋਟਾਂ ਨਾਲ ਹਿੰਦੁਸਤਾਨ ਵਿਚ ਕੀ ਦੁਨੀਆਂ ਦੇ ਕਿਸੇ ਵੀ ਦੇਸ਼ ਵਿਚ 'ਕਮਿਊਨਿਜ਼ਮ' ਸਹੀ ਅਰਥਾਂ ਵਿਚ ਨਹੀਂ ਆ ਸਕਦਾ। ਇਸ ਲਈ ਅਜ ਕਮਿਊਨਿਜ਼ਮ ਦੇ ਹਰ ਵਿਦਿਆਰਥੀ ਨੂੰ ਇਹ ਗੱਲ ਮੁੱਢੋ ਨਜ਼ਰ ਰੱਖ ਕੇ ਅੱਗੇ ਚਲਣਾ ਚਾਹੀਦਾ ਹੈ। ਕਮਿਊਨਿਜ਼ਮ 'ਇਨਕਲਾਬ' ਹੀ ਲਿਆ ਸਕਦਾ ਹੈ, ਇਨਕਲਾਬ ਨਿਕਲੂਗਾ, ਬੇਸ਼ੱਕ ਬੰਦੂਕ ਦੀ ਨਾਲੀ 'ਚੋਂ ਪਰ ਬੰਦੂਕ ਦੀ ਨਾਲੀ ਸਾਡੇ ਏਕੇ ਤੋਂ ਬਿਨਾਂ ਇਨਕਲਾਬ ਨਹੀਂ ਲਿਆ ਸਕਦੀ। ਇਸ ਲਈ ਸਾਨੂੰ ਇਹ ਨਜ਼ਰੀਆ ਅੱਗੇ ਰੱਖ ਕੇ ਲਿਖਣਾ ਤੇ ਸੋਚਣਾ ਚਾਹੀਦਾ ਹੈ।

੦

## 6. ਟਰਾਟਸਕੀ ਬਾਰੇ / ਪ੍ਰੇਮ ਸਿੰਘ

ਜੂਨ ਦੇ ਪਰਚੇ ਵਿਚ ਪਾਸ਼ ਨੇ ਲੈਨਿਨ ਦਾ ਹਵਾਲਾ ਦੇ ਕੇ ਟਰਾਟਸਕੀ ਦੀ ਵਕਾਲਤ ਕੀਤੀ ਹੈ। ਇਸ ਸੰਬੰਧ ਵਿਚ ਮੈਂ ਹੇਠ ਲਿਖੇ ਨੁਕਤੇ ਜਾਣਕਾਰੀ ਅਤੇ ਬਹਿਸ ਲਈ ਪੇਸ਼ ਕਰਨਾ ਚਾਹੁੰਦਾ ਹਾਂ। ਜੇ ਟਰਾਟਸਕੀਵਾਦ ਦੇ ਮੁਢੱਲੀ ਇਤਿਹਾਸਕ ਤੱਥਾਂ ਦੇ ਆਧਾਰ ਉਤੇ ਬਾ-ਦਲੀਲ ਬਹਿਸ ਅਰੰਭ ਕਰਨਾ ਚਾਹੁਣ ਅਤੇ ਸਰਦਲ ਵਿਚਾਰ-ਵਟਾਂਦਰੇ ਦੀ ਆਪਣੀ ਰਵਾਇਤ ਨੂੰ ਕਾਇਮ ਰਖਦਿਆਂ, ਇਸ ਨੂੰ ਛਾਪੇ ਤਾਂ ਇਸ ਨਾਲ ਕਈ ਸਿਧਾਂਤਕ ਸੁਆਲਾਂ ਬਾਰੇ ਸਫ਼ਾਈ ਹੋ ਸਕੇਗੀ।

(੧) ਪਾਸ਼ ਵਲੋਂ ਦਿੱਤਾ ਗਿਆ ਲੈਨਿਨ ਦੀ 'ਵਸੀਅਤ' ਦਾ ਹਵਾਲਾ ਵਸਤੂ ਅਤੇ ਸ਼ੈਲੀ ਦੋਹਾਂ ਪੱਖਾਂ ਤੋਂ ਸਟਾਲਿਨ-ਵਿਰੋਧੀ ਅਤੇ ਟਰਾਟਸਕੀ-ਪੱਖੀ ਹੋ ਗਿਆ ਹੈ। ਸਪੱਸ਼ਟ ਹੈ ਕਿ ਪਾਸ਼ ਨੇ ਇਹ ਟੂਕ ਕਿਸੇ ਅਜੇਹੀ ਲਿਖਤ ਵਿਚੋਂ ਲਈ ਹੈ ਜਿਸ ਦੇ ਲੇਖਕ ਜਾਂ ਸੰਪਾਦਕ ਦੇ ਸਾਹਮਣੇ ਇਤਿਹਾਸ ਦੇ ਅਸਲ ਵਾਕਿਆਤ ਬਿਆਨ ਕਰਨ ਨਾਲੋਂ ਕਿਸੇ ਵਿਸ਼ੇਸ਼ ਧਾਰਨਾ ਨੂੰ ਸਿੱਧ ਕਰਨ ਦਾ ਟੀਚਾ ਵਧੇਰੇ ਹੈ।

ਲੈਨਿਨ ਦੀ 'ਵਸੀਅਤ' ਅਸਲ ਵਿਚ ਸੋਵੀਅਤ ਕਮਿਊਨਿਸਟ ਪਾਰਟੀ ਦੀ ਤੇਰਵੀਂ ਕਾਂਗਰਸ ਲਈ ਲਿਖੀ ਉਨ੍ਹਾਂ ਦੀ ਚਿੱਠੀ ਹੈ। ਲੈਨਿਨ ਉਸ ਸਮੇਂ ਬੀਮਾਰ ਸਨ। ਇਹ ਚਿੱਠੀ ਉਨ੍ਹਾਂ ਨੇ ੨੩ ਦਸੰਬਰ ੧੯੨੨ ਨੂੰ ਲਿਖ-ਵਾਉਣੀ ਅਰੰਭ ਕੀਤੀ। ੨੪ ਅਤੇ ੨੫ ਦਸੰਬਰ ਨੂੰ ਇਸ ਵਿਚ ਕੁਝ ਹੋਰ ਵਾਧਾ ਕੀਤਾ। ਫੇਰ ੪ ਜਨਵਰੀ ੧੯੨੩ ਨੂੰ ਇਕ ਟਿਪਣੀ ਲਿਖਾਵਾਈ। ਪਾਸ਼ ਵਲੋਂ ਦਿੱਤੇ ਗਏ ਹਵਾਲੇ ਵਿਚ ਸਟਾਲਿਨ ਬਾਰੇ ਪਹਿਲੇ ਦੋ ਵਾਕ ਅਤੇ ਟਰਾਟਸਕੀ ਬਾਰੇ ਸਾਰੀ ਟਿਪਣੀ ੨੪-੨੫ ਦਸੰਬਰ ਨੂੰ ਲਿਖਵਾਏ ਗਏ ਹਿੱਸੇ ਵਿਚੋਂ ਹਨ। ਸਟਾਲਿਨ ਬਾਰੇ ਬਾਕੀ ਟਿਪਣੀ ੫ ਜਨਵਰੀ ੧੯੨੩ ਨੂੰ ਕੀਤੀ ਗਈ ਸੀ।

ਇਹ ਦੱਸਣ ਲਈ ਕਿ ਅਰਥ ਕਿੰਨੇ ਤੋੜੇ-ਮਰੋੜੇ ਗਏ ਹਨ, ਇਹ ਜ਼ਰੂਰੀ ਹੈ ਕਿ ਪਾਸ਼ ਵਲੋਂ ਦਿਤੇ ਗਏ ਹਵਾਲੇ ਦਾ, ਅਸਲ ਪਾਠ (ਟੈਕਸਟ) ਨਾਲ ਮੁਕਾਬਲਾ ਕੀਤਾ ਜਾਵੇ। ਟਰਾਟਸਕੀ ਸੰਬੰਧੀ ਕੀਤੀ ਗਈ ਲੈਨਿਨ ਦੀ ਟਿਪਣੀ ਦੇ ਸ਼ਬਦ, ਪਾਸ਼ ਅਨੁਸਾਰ ਇਉਂ ਹਨ

'ਦੂਜੇ ਪਾਸੇ, ਕਾਮਰੇਡ ਟਰਾਟਸਕੀ ਜਿਹਾ ਕਿ ਰੇਲਵੇ ਦੀ ਜਨਤਕ ਕਾਮਸਾਰੀ ਦੇ ਮਸਲੇ ਦੇ ਸਿਲਸਲੇ ਵਿਚ, ਉਸ ਦੀ ਜਦੋਜਹਿਦ ਨੇ ਸਿੱਧ ਕਰ ਦਿਤਾ ਹੈ,

ਕੇਵਲ ਇਸ ਲਈ ਹੀ ਉੱਘੀ ਹੈਸੀਅਤ ਨਹੀਂ ਰੱਖਦਾ ਕਿ ਉਹ ਅਸਾਧਾਰਨ ਯੋਗਤਾ ਦਾ ਸਵਾਮੀ ਹੈ, ਸਗੋਂ ਇਸ ਲਈ ਵੀ ਕਿ ਉਹ ਦੂਰ ਤੱਕ ਪਹੁੰਚਣ ਵਾਲਾ ਆਤਮ ਵਿਸ਼ਵਾਸ਼ ਰੱਖਦਾ ਹੈ ਤੇ ਉਹਦਾ ਸੁਭਾਅ ਐਦਾਂ ਦਾ ਹੈ ਕਿ ਉਹ ਮਸਲਿਆਂ ਦੇ ਖਾਲਸ ਪ੍ਰਬੰਧਕੀ ਪਹਿਲੂਆਂ ਵਿਚ ਹੀ ਉਲਝ ਕੇ ਨਹੀਂ ਰਹਿ ਸਕਦਾ। ਜਿਥੋਂ ਤੱਕ ਨਿੱਜੀ ਅਸਾਧਾਰਨ ਯੋਗਤਾ ਦਾ ਸਵਾਲ ਹੈ ਇਸ ਵਿਚ ਕੋਈ ਸ਼ਕ ਨਹੀਂ ਕਿ ਉਹ ਵਰਤਮਾਨ ਕੇਂਦਰੀ ਕਮੇਟੀ ਵਿਚ ਬਹੁਤੇ ਹੀ ਕਾਬਲ ਬੰਦਾ ਹੈ।

ਲੈਨਿਨ ਦੀਆਂ ਸਮੁਚੀਆਂ ਕਿਰਤਾਂ (ਅੰਗਰੇਜ਼ੀ ਐਡੀਸ਼ਨ ਪਰਾਗਰੈਸ਼ ਪੱਬਲਿਸ਼ਰਜ਼, ਮਾਸਕੋ, 1966) ਦੀ ਜਿਲਦ 36 ਦੇ ਸਫ਼ਾ 595 ਉਤੇ ਦਿਤੇ ਪਾਠ ਅਨੁਸਾਰ ਇਹ ਉਲਥਾ ਇਉਂ ਹੋਵੇਗਾ

'ਦੂਜੇ ਪਾਸੇ, ਕਾਮਰੇਡ ਟਰਾਟਸਕੀ ਦਾ, ਜਿਵੇਂ ਕਿ ਸੰਸਾਰ ਦੇ ਲੋਕ ਕਮਿਸਰੀਏਟ ਦੇ ਸੁਆਲ ਉਤੇ ਉਸ ਦੀ, ਕੇਂਦਰੀ ਕਮੇਟੀ ਵਿਰੁਧ ਜਦੋਜਹਿਦ ਨੇ ਸਿੱਧ ਕੀਤਾ ਹੈ, ਵਿਸ਼ੇਸ਼ ਲੱਛਣ ਕੇਵਲ ਉਸ ਦੀ ਉੱਘੀ ਯੋਗਤਾ ਹੀ ਨਹੀਂ ਹੈ। ਉਹ ਜ਼ਾਤੀ ਤੌਰ ਉਤੇ ਮੌਜੂਦਾ ਕੇਂਦਰੀ ਕਮੇਟੀ ਵਿਚ ਸ਼ਾਇਦ ਸਭ ਤੋਂ ਵੱਧ ਯੋਗਤਾ ਵਾਲਾ ਬੰਦਾ ਹੈ, ਪਰ ਉਸ ਨੇ ਵਾਧੂ ਆਤਮ-ਅਭਿਮਾਨ ਪ੍ਰਗਟਾਇਆ ਹੈ ਅਤੇ ਕੰਮ ਦੇ ਨਿਰੋਲ ਪ੍ਰਬੰਧਕ ਪੱਖ ਨਾਲ ਵਾਧੂ ਮਸਰੂਫੀਅਤ ਵਿਖਾਈ ਹੈ।

ਸਟਾਲਿਨ ਸੰਬੰਧੀ ਕੀਤੀ ਗਈ ਲੈਨਿਨ ਦੀ ਟਿਪਣੀ ਦੇ ਵੱਡੇ ਹਿੱਸੇ ਦੇ ਸ਼ਬਦ ਪਾਸ਼ ਅਨੁਸਾਰ ਇਉਂ ਹਨ

'ਸਟਾਲਿਨ ਅਸਭਿਅਕ ਤੇ ਗੁਸੈਲ ਹੈ। ਜਿਥੋਂ ਤਕ ਸਾਧਾਰਨ ਕਮਿਊਨਿਸਟਾਂ ਦਾ ਸੰਬੰਧ ਹੈ, ਉਨ੍ਹਾਂ ਲਈ ਇਹ ਔਗੁਣ ਨਿਸ਼ਚੇ ਹੀ ਹਮਾਇਤ ਕਰਨ ਦੇ ਯੋਗ ਹੈ ਪਰ ਜਨਰਲ ਸਕੱਤਰ ਦੇ ਅਹੁਦੇ ਲਈ ਇਹ ਔਗੁਣ ਹਮਾਇਤ ਕਰਨ ਦੇ ਅਯੋਗ ਬਣ ਜਾਂਦਾ ਹੈ। ਇਸ ਲਈ ਮੈਂ ਕਾਮਰੇਡਾਂ ਸਾਹਮਣੇ ਇਹ ਤਜਵੀਜ਼ ਪੇਸ਼ ਕਰਦਾ ਹਾਂ ਕਿ ਉਹ ਸਟਾਲਿਨ ਨੂੰ ਇਸ ਅਹੁਦੇ ਤੋਂ ਵੱਖਰਾ ਕਰਨ ਦਾ ਤਰੀਕਾ ਲੱਭਣ ਅਤੇ ਇਸ ਥਾਂ ਉਤੇ ਅਜਿਹੇ ਬੰਦੇ ਨੂੰ ਲਾਉਣ ਜੋ ਸਾਰੀਆਂ ਗੱਲਾਂ ਵਿਚ ਸਟਾਲਿਨ ਤੋਂ ਵੱਖਰਾ ਹੋਵੇ।

ਲੈਨਿਨ ਦੀਆਂ ਸਮੁਚੀਆਂ ਕਿਰਤਾਂ ਦੀ ਜਿਲਦ 36 ਦੇ ਸਫ਼ਾ 596 ਉਤੇ ਦਿਤੇ ਪਾਠ ਅਨੁਸਾਰ ਇਹ ਉਲਥਾ ਇਉਂ ਹੋਵੇਗਾ

'ਸਟਾਲਿਨ ਬਹੁਤ ਖਰ੍ਹਵਾ ਹੈ ਅਤੇ ਇਹ ਨੁਕਸ ਸਾਡੇ ਵਿਚਕਾਰ ਅਤੇ ਅਸਾਂ ਕਮਿਊਨਿਸਟਾਂ ਵਿਚਕਾਰ ਵਿਹਾਰ ਵਿਚ ਭਾਵੇਂ ਬਿਲਕੁਲ ਬਰਦਾਸ਼ਤ ਕਰਨ ਯੋਗ ਹੈ, ਜਨਰਲ ਸਕੱਤਰ ਵਿਚ ਹੋਣਾ ਬਰਦਾਸ਼ਤ ਕਰਨ ਯੋਗ ਨਹੀਂ ਰਹਿੰਦਾ। ਇਸੇ ਲਈ ਮੈਂ ਇਹ ਸੁਝਾਅ ਦੇਂਦਾ ਹਾਂ ਕਿ ਕਾਮਰੇਡ ਕੋਈ ਤਰੀਕਾ ਲੱਭਣ ਜਿਸ ਨਾਲ ਸਟਾਲਿਨ ਨੂੰ ਉਸ ਅਹੁਦੇ ਤੋਂ ਹਟਾਇਆ ਜਾ ਸਕੇ ਅਤੇ ਉਸ ਦੀ ਥਾਂ ਕੋਈ ਹੋਰ ਬੰਦਾ ਲਿਆਂਦਾ ਜਾਵੇ, ਜਿਹੜਾ ਹੋਰ ਸਾਰੇ ਪੱਖਾਂ ਵਿਚ ਕਾਮਰੇਡ ਸਟਾਲਿਨ ਨਾਲੋਂ ਇਕ ਗੱਲ ਵਿਚ ਵੱਖਰਾ ਹੋਵੇ ਤੇ ਚੰਗਾ ਹੋਵੇ, ਕਿ ਉਹ ਵਧੇਰੇ ਬਰਦਾਸ਼ਤ ਕਰ ਸਕਦਾ ਹੋਵੇ, ਵਧੇਰੇ ਸਲਿਮਰ ਹੋਵੇ, ਸਾਥੀਆਂ ਦਾ ਖਿਆਲ ਰਖੇ ਅਤੇ ਘੱਟ ਮਨ-ਮਰਜ਼ੀ ਕਰੇ ਆਦਿਕ।

2. ਪਾਸ਼ ਨੇ ਲੈਨਿਨ ਦੇ 5 ਮਾਰਚ, 1923 ਵਾਲੇ 'ਲਿਖਤੀ ਐਲਾਨ' ਦਾ ਜ਼ਿਕਰ ਬਿਲਕੁਲ ਗਲਤ ਢੰਗ ਨਾਲ ਕੀਤਾ ਹੈ। ਮੇਰਾ ਖਿਆਲ ਹੈ ਕਿ ਇਹ ਉਕਾਈ ਵੀ ਉਸ ਕੋਲੋਂ ਇਸੇ ਲਈ ਹੋਈ ਹੈ ਕਿ ਉਸ ਨੇ ਕਿਸੇ ਯੋਗ ਅਤੇ ਅਧਿਕਾਰਿਤ ਸੋਮੇ ਤੋਂ ਇਸ ਬਾਰੇ ਪੜ੍ਹਨ ਦੀ ਖੇਚਲ ਨਹੀਂ ਕੀਤੀ। ਲੈਨਿਨ ਦੀਆਂ ਸਮੁਚੀਆਂ ਕਿਰਤਾਂ ਦੀ ਜਿਲਦ 45 ਦੇ 607 ਅਤੇ 608 ਸਫਿਆਂ ਦੇ ਪਾਠ ਅਨੁਸਾਰ ਇਸ 'ਲਿਖਤੀ ਐਲਾਨ' ਬਾਰੇ ਹੇਠ ਲਿਖੀਆਂ ਗੱਲਾਂ ਨੋਟ ਕਰਨ ਵਾਲੀਆਂ ਹਨ

(ੳ) ਇਹ 'ਲਿਖਤੀ ਐਲਾਨ' ਨਹੀਂ, ਖੁਦ ਸਟਾਲਿਨ ਦੇ ਨਾਂ ਲੈਨਿਨ ਦੀ ਚਿੱਠੀ ਹੈ। ਇਸ ਉਤੇ 'ਟਾਪ ਸੀਕਰਿਟ ਪਰਸਨਲ' ਨੋਟ ਕੀਤਾ ਹੋਇਆ ਹੈ। ਇਸ ਦੀਆਂ ਨਕਲਾਂ ਕੇਵਲ ਕਾਮੇਨੇਵ ਅਤੇ ਜ਼ੀਨੋਵੀਵ ਨੂੰ ਭੇਜੀਆਂ ਗਈਆਂ ਸਨ।

(ਅ) ਇਸ ਵਿਚ ਸਟਾਲਿਨ ਵਲੋਂ ਕਰੁਪਸਕਾਇਆ ਨਾਲ ਟੈਲੀਫੋਨ ਉਤੇ ਕੀਤੀ ਗਈ ਬਦਕਲਾਮੀ ਦਾ ਜ਼ਿਕਰ ਕਰਦਿਆਂ ਲੈਨਿਨ ਨੇ ਸਾਫ ਲਿਖਿਆ ਹੈ "ਭਾਵੇਂ ਉਸ (ਕਰੁਪਸਕਾਇਆ - ਪ.ਸ.) ਨੇ ਤੈਨੂੰ ਕਿਹਾ ਸੀ ਕਿ ਉਹ ਇਸ ਗੱਲ ਨੂੰ ਭੁਲਾ ਦੇਣ ਲਈ ਤਿਆਰ ਹੈ, ਫੇਰ ਵੀ ਇਹ ਗੱਲ ਉਸ ਰਾਹੀਂ ਜ਼ੀਨੋਵੀਵ ਅਤੇ ਕਾਮੇਨੇਵ ਨੂੰ ਪਤਾ ਲਗ ਗਈ।" ਇਸ ਤੋਂ ਸਪੱਸ਼ਟ ਹੈ ਕਰੁਪਸਕਾਇਆ ਨੇ ਸਟਾਲਿਨ ਨੂੰ ਜ਼ਰੂਰ ਕਿਹਾ ਸੀ ਕਿ ਉਹ ਇਸ ਗੱਲ ਨੂੰ ਭੁਲਾ ਦੇਣ ਲਈ ਤਿਆਰ ਹੈ, ਪਰ ਕਾਮੇਨੇਵ ਅਤੇ ਜ਼ੀਨੋਵੀਵ ਨੂੰ ਪਤਾ ਲਗ ਜਾਣ ਕਰਕੇ ਲੈਨਿਨ ਨੇ ਖੁਦ ਸਟਾਲਿਨ ਨੂੰ ਤਾੜਨਾ ਕਰਨੀ ਜ਼ਰੂਰੀ ਸਮਝੀ।

(ੲ) ਲੈਨਿਨ ਨੇ ਸੰਬੰਧ ਤੋੜਨ ਦਾ 'ਐਲਾਨ' ਕਰਨ

ਦੀ ਥਾਂ ਇਸ ਚਿੱਠੀ ਵਿਚ ਸਟਾਲਿਨ ਨੂੰ ਇਹ ਸ਼ਬਦ ਸੰਬੋਧਿਤ ਕੀਤੇ : "ਇਸ ਲਈ ਮੈਂ ਤੈਨੂੰ ਕਹਿੰਦਾ ਹਾਂ ਕਿ ਤੂੰ ਸੋਚ ਲੈ ਕਿ ਜੋ ਕੁਝ ਤੂੰ ਕਿਹਾ ਹੈ ਉਸ ਨੂੰ ਵਾਪਸ ਲੈਣ ਲਈ ਤਿਆਰ ਹੈਂ ਅਤੇ ਮੁਆਫ਼ੀ ਮੰਗਦੇ ਹੈਂ, ਜਾਂ ਕਿ ਤੂੰ ਇਸ ਗੱਲ ਨੂੰ ਤਰਜੀਹ ਦੇਂਦਾ ਹੈਂ ਕਿ ਸਾਡੇ ਵਿਚਕਾਰ ਸਬੰਧ ਤੋੜ ਦਿਤੇ ਜਾਣ।"

(ਹ) ਜਿਲਦ 45 ਦੇ ਨੋਟ ਨੰ: 767 (ਸਫ਼ਾ 757) ਅਨੁਸਾਰ ਜਿਸ ਸਮੇਂ ਸਟਾਲਿਨ ਨੇ ਕਰੁਪਸਕਾਇਆ ਨਾਲ ਖਰ੍ਹਵਾ ਵਰਤਾਉ ਕੀਤਾ, ਉਦੋਂ ਝਗੜਾ ਲੈਨਿਨ ਵਲੋਂ ਬਦੇਸ਼ੀ ਵਪਾਰ ਬਾਰੇ ਇਕ ਚਿੱਠੀ ਟਰਾਟਸਕੀ ਨੂੰ ਲਿਖਵਾਉਣ ਤੋਂ ਹੋਇਆ। ਇਸ ਸਮੇਂ ਵਿਚ ਲੈਨਿਨ ਨੂੰ ਡਾਕਟਰਾਂ ਵਲੋਂ ਦਿਨ ਵਿਚ ਵੱਧ ਤੋਂ ਵੱਧ ਇਕ ਜਾਂ ਦੋ ਸੰਖੇਪ ਚਿੱਠੀਆਂ ਲਿਖਵਾਉਣ ਦੀ ਆਗਿਆ ਸੀ। ਬੀਮਾਰੀ ਦੇ ਸਾਰੇ ਸਮੇਂ ਵਿਚ ਲੈਨਿਨ ਨੇ ਵਧੇਰੇ ਕਰਕੇ ਸੰਖੇਪ ਚਿੱਠੀਆਂ ਹੀ ਲਿਖਵਾਈਆਂ ਸਨ। 18 ਦਸੰਬਰ 1922 ਨੂੰ ਕੇਂਦਰੀ ਕਮੇਟੀ ਦੇ ਇਕ ਪਲੈਨਮ ਨੇ ਸਟਾਲਿਨ ਨੂੰ ਲੈਨਿਨ ਲਈ ਨੀਯਤ ਕੀਤੀ ਗਈ ਡਾਕਟਰੀ ਪ੍ਰਬੰਧ-ਤਰਤੀਬ ਲਈ ਜ਼ਾਤੀ ਤੌਰ ਉਤੇ ਜ਼ਿੰਮੇਵਾਰ ਬਣਾਇਆ ਸੀ।

ਇਸ ਲਈ ਲੈਨਿਨ ਦੀ ਜ਼ਾਤੀ ਜ਼ਿੰਦਗੀ ਵਿਚ ਸਟਾਲਿਨ ਵਲੋਂ ਇਹ "ਮੁਦਾਖ਼ਲਤ" ਸਟਾਲਿਨ ਦੀ ਇਸ ਜ਼ਿੰਮੇਵਾਰੀ ਵਿਚੋਂ ਪੈਦਾ ਹੋਈ। ਬਦਕਲਾਮੀ ਗਲਤ ਸੀ, ਪਰ ਇਹ ਸਪਸ਼ਟ ਹੋਣਾ ਚਾਹੀਦਾ ਹੈ ਕਿ ਲੈਨਿਨ ਦੀ ਬੀਮਾਰੀ ਤੇ ਇਲਾਜ ਸਬੰਧੀ ਨਿੱਕੀ ਤੋਂ ਨਿੱਕੀ ਵਿਸਥਾਰਕ ਗੱਲ ਵੀ ਕੇਂਦਰੀ ਕਮੇਟੀ ਜਾਂ ਪੋਲਿਟ ਬਿਓਰੋ ਵਿਚ ਫੈਸਲੇ ਤੋਂ ਬਾਦ ਤੇ ਕੀਤੀ ਗਈ ਸੀ। ਉਸ ਸਮੇਂ ਟਰਾਟਸਕੀ ਜ਼ੀਨੋਵੀਵ, ਕਾਮੇਨੀਵ, ਬੁਖਾਰਿਨ ਸਭੇ ਕੇਂਦਰੀ ਕਮੇਟੀ ਅਤੇ ਪੋਲਿਟ ਬਿਓਰੋ ਦੇ ਮੈਂਬਰ ਸਨ। ਸਟਾਲਿਨ ਨੂੰ ਲੈਨਿਨ ਦੀ ਵੇਖ-ਭਾਲ ਦੀ ਜ਼ਿੰਮੇਵਾਰੀ ਉਨ੍ਹਾਂ ਦੀ ਪਰਵਾਨਗੀ ਨਾਲ ਸੌਂਪੀ ਗਈ ਸੀ।

(2) ਨੋਟ ਨੰ: 767 ਅਨੁਸਾਰ, "ਮਾਰੀਆ (ਉਲੀਆਨੋਵਾ (ਲੈਨਿਨ ਦੀ ਭੈਣ—ਪ.ਸ.) ਨੇ ਜੁਲਾਈ 1926 ਵਿਚ ਹੋਏ ਕੇਂਦਰੀ ਕਮੇਟੀ ਅਤੇ ਕੇਂਦਰੀ ਕੰਟਰੋਲ ਕਮਿਸ਼ਨ ਦੇ ਸਾਂਝੇ ਪਲੈਨਮ ਨੂੰ ਜਿਸ ਵਿਚ ਕਿ ਇਹ ਸੁਆਲ ਜੀ. ਵਾਈ. ਜ਼ੀਨੋਵੀਵ ਵਲੋਂ ਜੋ ਕਿ 'ਨਵੇਂ ਵਿਰੋਧੀ ਦਲ' ਦਾ ਇਕ ਆਗੂ ਸੀ, ਉਠਾਇਆ ਗਿਆ ਸੀ, ਲਿਖੀ ਚਿੱਠੀ ਵਿਚ ਦਸਿਆ ਸੀ ਕਿ ਸਟਾਲਿਨ ਨੇ ਮੁਆਫ਼ੀ ਮੰਗ ਲਈ ਸੀ।"

(3) ਮੈਂ ਇਹ ਆਸ ਕਰਦਾਂ ਸਾਂ ਕਿ ਪਾਸ਼ ਨੇ ਜੇ ਲੈਨਿਨ ਦੀ 'ਵਸੀਅਤ' ਨੂੰ ਟਰਾਟਸਕੀਵਾਦ ਦੇ ਹੱਕ ਵਿਚ ਵਰਤਣਾ ਹੀ ਸੀ [illegible]ਤਾ ਉਹ ਜਿਥੇ ਬਾਕੀ ਗੱਲਾਂ ਬਾਰੇ 'ਬਹੁਤੇ ਲੋਕਾਂ ਨੂੰ ਇਹ ਵੀ ਪਤਾ ਨਹੀਂ ...' ਅਤੇ 'ਬਹੁਤੇ ਸਾਥੀ ਇਸ ਮਹੱਤਵ ਪੂਰਨ ਗੱਲ ਨੂੰ ਨਹੀਂ ਜਾਣਦੇ ...' ਆਦਿਕ ਲਿਖਣਾ ਜ਼ਰੂਰੀ ਸਮਝਣਾ ਸੀ, ਉਥੇ ਇਸ ਗੱਲ ਦਾ ਜ਼ਿਕਰ ਵੀ ਕਰ ਦੇਂਦਾ ਕਿ ਲੈਨਿਨ ਦੀ ਇਹ 'ਵਸੀਅਤ' ਉਹਨਾਂ ਦੀ ਇਛਾ ਅਨੁਸਾਰ ਤੇਰ੍ਹਵੀਂ ਪਾਰਟੀ ਕਾਂਗਰਸ (23 ਤੋਂ 31 ਮਈ, 1924) ਦੇ ਡੈਲੀਗੇਸ਼ਨਾਂ ਨੂੰ ਪੜ੍ਹ ਕੇ ਸੁਣਾ ਦਿੱਤੀ ਗਈ ਸੀ। 'ਲੈਨਿਨ ਦੀਆਂ ਸਮੁਚੀਆਂ ਕਿਰਤਾਂ' ਦੀ ਜਿਲਦ 36 ਦੇ ਨੋਟ ਨੰਬਰ 635 (ਸਫ਼ਾ 712,713) ਅਨੁਸਾਰ 'ਕਾਂਗਰਸ ਨੇ ਸਰਬ ਸੰਮਤੀ ਨਾਲ ਫੈਸਲਾ ਕੀਤਾ ਕਿ ਇਸ ਚਿੱਠੀ ਨੂੰ ਛਾਪਿਆ ਨਾ ਜਾਵੇ, ਕਿਉਂਕਿ ਇਹ ਕਾਂਗਰਸ ਨੂੰ ਸੰਬੋਧਿਤ ਸੀ ਅਤੇ ਪ੍ਰੈਸ ਲਈ ਲਿਖੀ ਨਹੀਂ ਗਈ ਸੀ।' ਏਥੇ ਇਹ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਇਸ ਪਾਰਟੀ ਕਾਂਗਰਸ ਨੇ ਲੈਨਿਨ ਦੀ ਚਿੱਠੀ ਨੂੰ ਸੁਣਨ ਤੋਂ ਬਾਅਦ ਜਿਹੜੀ ਕੇਂਦਰੀ ਕਮੇਟੀ ਚੁਣੀ ਉਸ ਵਿਚ ਟਰਾਟਸਕੀ ਸਮੇਤ ਸਟਾਲਿਨ ਦਾ ਵਿਰੋਧ ਕਰਨ ਵਾਲੇ ਸਾਰੇ ਚੁਣੇ ਗਏ ਸਨ। ਇਸ ਗੱਲ ਦਾ ਸਬੂਤ ਅਜੇ ਤਕ ਕੋਈ ਮੌਜੂਦ ਨਹੀਂ ਕਿ ਜਨਰਲ ਸਕੱਤਰ ਦੇ ਅਹੁਦੇ ਲਈ ਕਿਸੇ ਵਲੋਂ ਸਟਾਲਿਨ ਦਾ ਵਿਰੋਧ ਹੋਇਆ ਜਾਂ ਕੋਈ ਹੋਰ ਨਾਂ ਪੇਸ਼ ਹੋਇਆ।

(4) ਟਰਾਟਸਕੀ ਅਤੇ ਟਰਾਟਸਕੀਵਾਦ ਬਾਰੇ ਹੇਠ ਲਿਖੀਆਂ ਮਹੱਤਵਪੂਰਨ ਗੱਲਾਂ ਹੋਰ ਨੋਟ ਕਰਨ ਵਾਲੀਆਂ ਹਨ :

(ੳ) ਬਾਲਸ਼ਵਿਕ ਪਾਰਟੀ ਅੰਦਰ ਵੱਖ ਵੱਖ ਰਾਜਸੀ ਸੁਆਲਾਂ ਉਤੇ ਸਦਾ ਤਿੱਖਾ ਘੋਲ ਚਲਦਾ ਰਿਹਾ ਹੈ। ਇਹ ਘੋਲ ਪਹਿਲੇ ਰੂਸੀ ਇਨਕਲਾਬ (1905) ਦੀ ਹਾਰ ਦੇ ਕਾਰਨਾਂ ਬਾਰੇ ਅਤੇ ਇਸ ਹਾਰ ਤੋਂ ਬਾਦ ਦੀ ਅਵਸਥਾ ਵਿਚ ਕੰਮ ਦੇ ਢੰਗਾਂ ਅਤੇ ਟੀਚਿਆਂ ਬਾਰੇ ਬਾਲਸ਼ਵਿਕਾਂ ਅਤੇ ਮੈਨਸ਼ਵਿਕਾਂ ਵਿਚਕਾਰ, ਟਰਾਟਸਕੀ ਵਲੋਂ ਜ਼ਾਹਿਰਾ ਤੌਰ ਉਤੇ 'ਕੇਂਦਰੀ' ਪੁਜ਼ੀਸ਼ਨ ਰਖਦਿਆਂ ਅਸਲ ਵਿਚ ਮੈਨਸ਼ਵਿਕਾਂ ਦੀ ਮਦਦ ਕਰਨ ਦੇ ਦਾਅ-ਪੇਚਾਂ ਬਾਰੇ (1912) ਜਦ ਲੈਨਿਨ ਨੇ ਟਰਾਟਸਕੀ ਨੂੰ 'ਜੂਦਾਸ' (ਈਸਾ ਨਾਲ ਗ਼ਦਾਰੀ ਕਰਨ ਵਾਲਾ ਉਨ੍ਹਾਂ ਦਾ ਸਾਥੀ) ਕਿਹਾ ਸੀ ਅਤੇ ਲਿਖਿਆ ਸੀ ਕਿ "ਟਰਾਟਸਕੀ ਸਭ ਤੋਂ ਵਧ ਘ੍ਰਿਣਤ ਮੌਕਾਪ੍ਰਸਤ ਅਤੇ 'ਗੁਟ-ਬਾਜ਼ ਹੈ..... ਉਹ ਪਾਰਟੀ

ਦੀਆਂ ਸਹੁੰਆਂ ਖਾਂਦਾ ਹੈ, ਪਰ ਕਿਸੇ ਹੋਰ ਗੁੱਟ-ਬਾਜ਼ ਨਾਲ ਵੀ ਭੈੜੇ ਤਰੀਕੇ ਨਾਲ ਵਿਹਾਰ ਕਰਦਾ ਹੈ", ਛੇਵੀਂ ਸਰਬ-ਰੂਸੀ ਪਾਰਟੀ ਕਾਨਫ਼੍ਰੰਸ ਬਾਰੇ (ਪਰਾਗ, ਜਨਵਰੀ 1912) ਜਿਸ ਵਿਚ ਸਾਰੇ ਮੈਨਸ਼ਵਿਕ, ਸਮੇਤ ਟਰਾਟਸਕੀ ਪਾਰਟੀ ਵਿਚੋਂ ਕਢੇ ਗਏ ਅਤੇ ਨਵੀਂ ਚੁਣੀ ਗਈ ਕੇਂਦਰੀ ਕਮੇਟੀ ਵਿਚ ਹੋਰ ਉਘੇ ਨੇਤਾਵਾਂ ਨਾਲ ਸਟਾਲਿਨ ਤੇ ਸਵੇਰਦਲੋਵ, ਜੋ ਉਸ ਸਮੇਂ ਜਲਾਵਤਨੀ ਭੋਗ ਰਹੇ ਸਨ, ਚੁਣੇ ਗਏ ਸਨ, ਲੜਿਆ ਗਿਆ।

ਏਸੇ ਪਰਾਗ ਕਾਨਫ੍ਰੰਸ ਬਾਰੇ ਲੈਨਿਨ ਨੇ ਗੋਰਕੀ ਨੂੰ ਲਿਖਿਆ ਸੀ :

"ਪਾਰਟੀ ਨੂੰ ਤੋੜਨ ਵਾਲੇ ਗੰਦੇ ਅਨਸਰ ਦੇ ਬਾਵਜੂਦ ਅਸੀਂ ਪਾਰਟੀ ਅਤੇ ਇਸ ਦੀ ਕੇਂਦਰੀ ਕਮੇਟੀ ਨੂੰ ਜਿਉਂਦਿਆਂ ਕਰਨ ਵਿਚ ਸਫਲ ਹੋ ਗਏ ਹਾਂ। ਮੈਨੂੰ ਆਸ ਹੈ ਕਿ ਤੂੰ ਇਸ ਖੁਸ਼ੀ ਵਿਚ ਸਾਡੇ ਨਾਲ ਹੈਂ।"

[ਲੈਨਿਨ, ਸਮੁਚੀਆਂ ਕਿਰਤਾਂ (ਪੁਰਾਣੀ ਰੂਸੀ ਐਡੀਸ਼ਨ), ਜਿਲਦ 29, ਸਫਾ 19]

(ਅ) ਸਤੰਬਰ 1915 ਵਿਚ ਲੈਨਿਨ ਨੇ ਟਰਾਟਸਕੀ ਨੂੰ ਮੌਕਾਪ੍ਰਸਤੀ ਦਾ ਪੂਛਲਮਾਰ ਕਿਹਾ ਸੀ, ਜਿਹੜਾ ਕਿ ਅਸੂਲ ਨਾਲ ਸਬੰਧਤ ਸਾਰੇ ਮਤਭੇਦਾਂ ਉਤੇ ਪਰਦਾ ਪਾਉਣ ਲਈ ਅਤੇ ਮੌਕਾਪ੍ਰਸਤੀ ਦੀ ਰਾਖੀ ਕਰਨ ਲਈ ਪੂਰੀ ਵਾਹ ਲਾ ਰਿਹਾ ਹੈ।"

[ਲੈਨਿਨ, ਸਮੁਚੀਆਂ ਕਿਰਤਾਂ (ਨਵੀਂ ਐਡੀਸ਼ਨ), ਜਿਲਦ 35, ਸਫਾ 206]

ਫਰਵਰੀ 1917 ਵਿਚ ਟਰਾਟਸਕੀ ਵਲੋਂ (1916 ਦੇ ਅਖੀਰ ਵਿਚ) ਅਮਰੀਕਾ ਜਾ ਕੇ ਆਪਣੀਆਂ ਲਿਖਤਾਂ ਵਿਚ ਬਾਲਸ਼ਵਿਕਾਂ ਉਤੇ ਹਮਲੇ ਕਰਨ ਤੋਂ ਗੁੱਸੇ ਵਿਚ ਆ ਕੇ ਲੈਨਿਨ ਨੇ ਲਿਖਿਆ ਸੀ : "ਇਹ ਟਰਾਟਸਕੀ ਹੈ। ਇੰਨ ਬਿੰਨ ਆਪਣੇ ਵਰਗਾ — ਤੋੜਦਾ, ਮਰੋੜਦਾ ਹੈ, ਧੋਖਾਦੇਹੀ ਕਰਦਾ ਹੈ, ਆਪਣੇ ਆਪ ਨੂੰ ਖੱਬਾ ਜ਼ਾਹਰ ਕਰਦਾ ਹੈ, ਸੱਜਿਆਂ ਦੀ ਮਦਦ ਕਰਦਾ ਹੈ, ਜਿੰਨਾ ਚਿਰ ਉਸ ਕੋਲੋਂ ਹੋ ਸਕੇ।"

[ਲੈਨਿਨ, ਸਮੁਚੀਆਂ ਕਿਰਤਾਂ (ਨਵੀਂ ਐਡੀਸ਼ਨ), ਜਿਲਦ 35, ਸਫਾ 288]

(ੲ) 1917 ਵਿਚ ਟਰਾਟਸਕੀ ਨੇ ਆਪਣਾ ਉਹ ਸਿਧਾਂਤ ਪੇਸ਼ ਕੀਤਾ, ਜਿਸ ਲਈ ਉਸ ਨੂੰ ਢੇਰ ਪ੍ਰਸਿੱਧੀ ਪ੍ਰਾਪਤ ਹੋਈ, ਭਾਵ 'ਸਦੀਵੀ ਇਨਕਲਾਬ' ਦਾ ਸਿਧਾਂਤ। ਅਸਲ ਵਿਚ ਇਹ ਉਸ ਦੇ ਇਕ ਹਮ-ਖਿਆਲ ਪਾਰਵੱਸ ਦਾ ਕਢਿਆ ਸਿਧਾਂਤ ਸੀ। ਇਹ 1917 ਦੇ ਫਰਵਰੀ ਇਨਕਲਾਬ ਤੋਂ ਬਾਦ ਬੁਰਜੂਆ ਜਮਹੂਰੀ ਇਨਕਲਾਬ ਨੂੰ ਪ੍ਰੋਲਤਾਰੀ ਇਨਕਲਾਬ ਵਿਚ ਤਬਦੀਲ ਕਰਨ ਦੇ ਬਾਲਸ਼ਵਿਕ ਸਿਧਾਂਤ ਨਾਲ, ਜਿਸ ਦਾ ਮੋਢੀ ਲੈਨਿਨ ਸੀ, ਸਿੱਧੀ ਟੱਕਰ ਖਾਂਦਾ ਸੀ। 1917 ਵਿਚ ਟਰਾਟਸਕੀ ਨੇ ਲਿਖਿਆ ਕਿ ਇਹ ਸਿਧਾਂਤ ਉਸ ਦੇ 1905 ਸਮੇਂ ਦੇ ਸੰਕਲਪ ਦਾ ਨਤੀਜਾ ਹੈ। ਟਰਾਟਸਕੀ ਇਸ ਸਿਧਾਂਤ ਨਾਲ ਅਖੀਰ ਤਕ ਚੰਬੜਿਆ ਰਿਹਾ।

(ਸ) ਜਦ ਕਿ ਸਦੀਵੀ ਇਨਕਲਾਬ ਬਾਰੇ ਮਾਰਕਸ, ਐਂਗਲਜ਼ ਅਤੇ ਲੈਨਿਨ ਦਾ ਵਿਚਾਰ ਸੀ ਕਿ ਇਹ ਪੜਾਅ-ਦਰ-ਪੜਾਅ ਸਿਰੇ ਚੜ੍ਹੇਗਾ, ਟਰਾਟਸਕੀ ਦਾ ਸਿਧਾਂਤ ਇਹ ਸੀ ਕਿ ਪਰੋਲਤਾਰੀਆਂ ਨੂੰ ਜ਼ਾਰਸ਼ਾਹੀ ਉਲਟਾ ਕੇ ਨਾਲ ਦੇ ਯੂਰਪੀ ਦੇਸ਼ਾਂ ਵਿਚ ਇਨਕਲਾਬ ਨੂੰ 'ਧੱਕਾ ਲਾਉਣ' ਲਈ ਨਾਲ ਫੌਜ ਭੇਜਣ ਤੋਂ ਨਹੀਂ ਝਿਜਕਣਾ ਚਾਹੀਦਾ। ਹਾਲਾਤ ਨੇ ਸਦੀਵੀ ਇਨਕਲਾਬ ਦੇ ਇਸ ਸੰਕਲਪ ਨੂੰ ਮਾਅਰਕੇਬਾਜ਼, ਪੈਟੀ-ਬੁਰਜੂਆ, ਅਰਾਜਕਤਾਵਾਦੀ ਸਾਬਤ ਕੀਤਾ।

(ਕ) ਅਕਤੂਬਰ ਇਨਕਲਾਬ ਦੇ ਵਾਪਰਨ ਦੀਆਂ ਵਿਸ਼ੇਸ਼ ਹਾਲਤਾਂ ਕਾਰਨ ਟਰਾਟਸਕੀ, ਕਾਮੇਨੇਵ, ਜ਼ੀਨੋਵੀਵ ਅਤੇ ਬੁਖਾਰਿਕ ਸਭੇ ਬਾਲਸ਼ਵਿਕ ਪਾਰਟੀ ਦੀਆਂ ਮੋਹਰਲੀਆਂ ਸਫ਼ਾਂ ਅਤੇ ਸਰਕਾਰ ਦੀਆਂ ਜ਼ਿੰਮੇਵਾਰ ਪੁਜ਼ੀਸ਼ਨਾਂ ਵਿਚ ਆ ਗਏ। ਕਿਉਂਕਿ ਸਾਰੀਆਂ ਪੁਰਾਣੀਆਂ ਊਣਤਾਈਆਂ ਦੇ ਬਾਵਜੂਦ ਲੈਨਿਨ ਇਹ ਸਮਝਦੇ ਸਨ ਕਿ ਇਨ੍ਹਾਂ ਸਭਨਾਂ ਦਾ ਇਨਕਲਾਬ ਲਈ ਕੀਤੀ ਘਾਲਣਾ ਵਿਚ ਵੱਡਾ ਸਥਾਨ ਹੈ ਅਤੇ ਆਪਣੀ ਆਪਣੀ ਥਾਂ ਸਭ ਵੱਡੀ ਯੋਗਤਾ ਦੇ ਮਾਲਕ ਹਨ।

(ਖ) ਲੈਨਿਨ ਦੀ ਬੀਮਾਰੀ ਸਮੇਂ ਅੰਤਰ-ਪਾਰਟੀ ਘੋਲ ਬਹੁਤ ਤਿੱਖਾ ਹੋ ਗਿਆ ਸੀ। ਇਹ ਲੈਨਿਨ ਦੀ ਮੌਤ ਤੋਂ ਬਾਦ ਲੰਮਾ ਸਮਾਂ ਚਲਦਾ ਰਿਹਾ। ਕਮਿਊਨਿਸਟ ਪਾਰਟੀ ਦੀ ਬਾਰ੍ਹਵੀਂ ਕਾਂਗਰਸ ਆਖਰੀ ਸੀ ਜਿਸ ਵਿਚ ਲੈਨਿਨ ਨੇ ਹਿੱਸਾ ਲਿਆ। ਉਨ੍ਹਾਂ ਦੀ ਮੌਤ ਤੋਂ ਬਾਦ ਤੇਰ੍ਹਵੀਂ (ਮਈ 1924) ਅਤੇ ਚੌਧਵੀਂ (ਦਸੰਬਰ 1925) ਪਾਰਟੀ ਕਾਂਗਰਸ ਹੋਈ। ਇਨ੍ਹਾਂ ਦੋਹਾਂ ਵਿਚ ਅਤੇ ਇਨ੍ਹਾਂ ਸਾਲਾਂ ਵਿਚ ਹੋਈਆਂ ਪਾਰਟੀ ਦੀਆਂ ਕਾਨਫ੍ਰੰਸਾਂ ਵਿਚ, ਪਾਰਟੀ ਦੇ ਕੇਂਦਰ ਦੇ ਅਤੇ ਗਣਰਾਜਾਂ ਦੇ ਅਖ਼ਬਾਰਾਂ ਅਤੇ ਰਸਾਲਿਆਂ ਵਿਚ ਟ੍ਰਾਟਸਕੀ ਅਤੇ ਹੋਰਨਾਂ ਆਗੂਆਂ ਦੇ ਸਟਾਲਿਨ ਅਤੇ ਕੇਂਦਰੀ ਕਮੇਟੀ ਦੀ ਬਹੁ ਗਿਣਤੀ ਨਾਲ ਮਤ ਭੇਦ ਸਨ, ਡਾਕੂਮੈਂਟ ਸਰਕੂਲੇਟ ਹੁੰਦੇ ਰਹੇ, ਇਹਨਾਂ ਦੀਆਂ

ਤਕਰੀਰਾਂ ਹੁੰਦੀਆਂ ਰਹੀਆਂ ਅਤੇ ਹੇਠੋਂ ਲੈ ਕੇ ਉਪਰ ਕੇਂਦਰੀ ਕਮੇਟੀ ਤੱਕ ਹਰ ਮਸਲੇ ਉਤੇ ਤਿੱਖਾ ਵਾਦ-ਵਿਵਾਦ ਚਲਿਆ। ਮੁੱਖ ਰੂਪ ਵਿਚ ਵਿਵਾਦ ਦੇ ਮਸਲੇ ਇਹ ਸਨ :

(1) ਯੂਰਪ ਦੇ ਦੇਸ਼ਾਂ ਵਿਚ ਇਨਕਲਾਬ ਦੀ ਅਸਫਲਤਾ ਅਤੇ ਇਸ ਵਿਚ ਬਾਲਸ਼ਵਿਕ ਪਾਰਟੀ ਦਾ ਰੋਲ (2) ਇਕੱਲੇ ਸੋਵੀਅਤ ਯੂਨੀਅਨ ਵਿਚ ਸਮਾਜਵਾਦ ਦੀ ਸਥਾਪਨਾ ਦੀ ਸੰਭਾਵਨਾ, (3) ਪੂੰਜੀਵਾਦੀ ਦੇਸ਼ਾਂ ਤੋਂ ਤਕਨੀਕੀ ਅਤੇ ਮਾਲੀ ਸਹਾਇਤਾ ਲੈਣ ਦਾ ਸੁਆਲ, (4) ਕਿਸਾਨੀ ਵੱਲ ਨੂੰ ਪਹੁੰਚ (5) ਪਾਰਟੀ ਦੀ ਜਮਾਤੀ ਬਣਤਰ ਦਾ ਮਸਲਾ (6) ਟਰਾਟਸਕੀਵਾਦੀਆਂ ਦਾ ਇਹ ਦੂਸ਼ਣ ਕਿ ਰੂਸ ਵਿਚ ਪਰੋਲਤਾਰੀਆਂ ਦੀ ਨਹੀਂ ਸਗੋਂ ਕਮਿਊਨਿਸਟ ਪਾਰਟੀ ਦੀ ਡਿਕਟੇਟਰੀ ਕਾਇਮ ਹੋ ਗਈ ਹੈ ਆਦਿਕ।

(ਗ) ਕੇਵਲ ਇਨ੍ਹਾਂ ਸਾਰੇ ਰੁਝਾਨਾਂ ਨੂੰ ਬਾਕਾਇਦਾ ਪਾਰਟੀ ਦੇ ਤਰੀਕਿਆਂ ਨਾਲ ਬਾਰ ਬਾਰ ਹਰ ਪੱਧਰ ਉਤੇ ਬਹਿਸ ਹੇਠ ਲਿਆ ਕੇ ਅਤੇ ਅੰਤਮ ਤੌਰ ਉਤੇ ਕਾਂਗਰਸਾਂ ਅਤੇ ਕੇਂਦਰੀ ਕਮੇਟੀ ਦੇ ਪਲੈਨਮਾਂ ਵਿਚ ਪੂਰੀ ਭਾਜ ਦੇ ਕੇ, ਸਟਾਲਿਨ ਦੀ ਅਗਵਾਈ ਵਿਚ ਕਮੇਟੀ ਨੇ ਇਸ ਵਿਵਾਦ ਨੂੰ ਸਿਰੇ ਲਾਇਆ। ਪਰ ਟਰਾਟਸਕੀ ਅਤੇ ਉਸ ਦੇ ਸਾਥੀਆਂ ਨੇ ਕਾਂਗਰਸਾਂ ਦੇ ਫੈਸਲਿਆਂ ਅਤੇ ਨੀਤੀਆਂ ਦਾ ਖੁਲ੍ਹਾ ਵਿਰੋਧ ਜਾਰੀ ਰਖਿਆ।

(ਘ) 7 ਨਵੰਬਰ 1927 ਨੂੰ ਟਰਾਟਸਕੀ ਆਪਣੇ ਕੁਝ ਹਮਾਇਤੀਆਂ ਨੂੰ ਲੈ ਕੇ ਲਾਲ ਚੌਂਕ ਵਿਚ ਇਨਕਲਾਬ ਦੀ ਦਸਵੀਂ ਵਰ੍ਹੇ ਗੰਢ ਦੇ ਮੌਕੇ ਉਤੇ ਸੋਵੀਅਤ ਸਰਕਾਰ ਵਿਰੁਧ ਮੁਜ਼ਾਹਰਾ ਲੈ ਕੇ ਤੁਰਿਆ। ਇਸ ਨਾਲ ਉਸ ਨੇ ਦੁਨੀਆਂ ਦੀਆਂ ਕੁਲ ਸਾਮਰਾਜੀ ਤਾਕਤਾਂ ਨੂੰ ਦਸ ਦਿੱਤਾ ਕਿ ਉਹ ਉਨ੍ਹਾਂ ਦੀ ਚਾਕਰੀ ਲਈ ਤਿਆਰ ਹੈ। 14 ਨਵੰਬਰ ਨੂੰ ਕੇਂਦਰੀ ਕਮੇਟੀ ਅਤੇ ਕੇਂਦਰੀ ਕੰਟਰੋਲ ਕਮਿਸ਼ਨ ਦੇ ਸਾਂਝੇ ਪਲੈਨਮ ਨੇ ਉਸ ਨੂੰ ਪਾਰਟੀ ਵਿਚੋਂ ਖਾਰਜ ਕਰ ਦਿੱਤਾ।

(5) ਸਵਾਲ ਟਰਾਟਸਕੀ ਦੇ 'ਮਹਾਨ ਯੋਧਾ' ਹੋਣ ਅਤੇ ਉਸ ਦੀ 'ਅਸਾਧਾਰਣ ਪ੍ਰਤਿਭਾ' ਦਾ ਨਹੀਂ ਹੈ। ਇਹ ਦੋਵੇਂ ਗੱਲਾਂ ਤਾਂ ਇਕ ਹੱਦ ਤੱਕ ਸਭੇ ਪਰਵਾਨ ਕਰਦੇ ਹਨ। ਏਸੇ ਕਾਰਨ ਹੀ ਉਹ ਲੈਨਿਨਵਾਦੀ ਵਿਚਾਰਾਂ ਦਾ ਕਦੇ ਸਿੱਧਾ ਤੇ ਕਦੇ ਲੁਕਵਾਂ ਵਿਰੋਧੀ ਹੁੰਦਾ ਹੋਇਆ ਵੀ ਆਗੂ ਪੁਜੀਸ਼ਨਾਂ ਵਿਚ ਰਿਹਾ। ਸਵਾਲ ਇਹ ਹੈ ਕਿ ਇਕ ਸਮੇਂ ਤੋਂ ਬਾਅਦ ਖਾਸ ਤੌਰ ਉਤੇ ਲੈਨਿਨ ਦੀ ਬੀਮਾਰੀ ਅਤੇ ਉਨ੍ਹਾਂ ਦੀ ਮੌਤ ਤੋਂ ਬਾਅਦ ਉਸ ਨੇ ਇਸ ਪ੍ਰਤਿਭਾ ਅਤੇ ਸੂਰਮ ਗਤੀ ਨੂੰ ਕਿਸ ਦੇ ਹਿੱਤਾਂ ਵਿਚ ਵਰਤਿਆ। ਮੈਨੂੰ ਇਸ ਗੱਲ ਵਿਚ ਰੰਚਕ ਸ਼ਕ ਵੀ ਨਹੀਂ ਕਿ ਸਟਾਲਿਨ ਦੀ ਅਗਵਾਈ ਵਿਚ ਕੇਂਦਰੀ ਕਮੇਟੀ ਵਲੋਂ ਚੁਣਿਆ ਰਾਹ ਹੀ ਇਕੋ ਇਕ ਰਾਹ ਸੀ ਜਿਹੜਾ ਇਕ ਗਰੀਬ, ਪਛੜੇ ਅਤੇ ਮੁੱਖ ਤੌਰ ਉਤੇ ਕਿਸਾਨੀ ਦੇ ਦੇਸ਼ ਨੂੰ ਬਾਹਰਲੇ ਵੈਰੀਆਂ ਅਤੇ ਅੰਦਰਲੇ ਫੁਟ-ਪਾਊਆਂ ਦਾ ਟਾਕਰਾ ਕਰਦਿਆਂ ਅੱਗੇ ਲੈ ਜਾ ਸਕਿਆ। ਆਖ਼ਰ ਏਸੇ ਰਾਹ ਉਤੇ ਤੁਰਨ ਕਰਕੇ ਦੂਜੀ ਸੰਸਾਰ ਜੰਗ ਵਿਚ ਰੂਸ ਨੇ ਫੈਸ਼ਿਜ਼ਮ ਨੂੰ ਭਾਂਜ ਦੇਣ ਵਿਚ ਫੈਸਲਾ ਕਰੂ ਰੋਲ ਅਦਾ ਕੀਤਾ।

ਜੇ ਸਿਧਾਂਤਾਂ ਦੀ ਪ੍ਰਮਾਣੀਕਤਾ ਦੀ ਅਸਲ ਕਸਵੱਟੀ ਅਮਲ ਹੈ ਤਾਂ ਇਸ ਪੱਖੋਂ ਟਰਾਟਸਕੀਵਾਦੀ ਦੇ ਪੱਲੇ ਹੈ ਕੀ ? ਚੰਦ ਕਿਤਾਬਾਂ, ਸੋਵੀਅਤ ਵਿਰੋਧੀਆਂ ਦੇ ਮਾਇਆ ਦੇ ਗਫੇ ਅਤੇ ਕਿਸੇ ਹੱਦ ਤੱਕ ਬੇਸਬਰ ਨੌਜਵਾਨਾਂ ਦੀ ਹਮਾਇਤ ਜਾਂ ਕੁਝ ਹੋਰ ਵੀ ?

o

# ਪਾਠਕ ਲੇਖਕ ਫੋਰਮ

(ਸਾਹਿਤਕ ਭਾਗ)

## 1. ਪੰਜਾਬੀ ਸਾਹਿਤਕ ਪੈਦਾਵਾਰ ਦਾ ਪਛੜੇਵਾਂ— ਮਾਰਕਸਵਾਦੀ ਦ੍ਰਿਸ਼ਟੀਕੋਣ / ਪ੍ਰੀਤਮ ਸਿੰਘ ਗਿੱਲ

ਪੰਜਾਬੀ ਦੇ ਸਾਹਿਤਕ ਅਤੇ ਅਰਧ-ਸਿਆਸੀ ਪਤਰਾਂ ਵਿਚ ਇਹ ਬਹਿਸ ਆਮ ਚਲਦੀ ਰਹਿੰਦੀ ਹੈ ਕਿ ਪੰਜਾਬੀ ਸਾਹਿਤ ਰਚਨਾ ਦੇ ਪਛੜੇਵੇਂ ਦੇ ਕੀ ਕਾਰਨ ਹਨ ? ਪਿਛਲੇ ਕੁਝ ਸਾਲਾਂ ਵਿਚ ਰਚਿਆ ਪੰਜਾਬੀ ਸਾਹਿਤ ਕੀ ਇਸ ਦੀ ਉਨਤੀ ਜਾਂ ਪਛੜੇਵੇਂ ਦਾ ਪ੍ਰਤੀਕ ਹੈ ? ਇਸ ਦੇ ਸਿਰਫ ਖਾਸ ਰੂਪ ਵਿਚ ਹੀ ਰਚਨਾ ਕਿਉਂ ਜ਼ਿਆਦਾ ਹੋਈ ਹੈ ? ਸਾਹਿਤ ਅਤੇ ਸਿਆਸਤ ਦੇ ਆਪਸੀ ਕੀ ਸੰਬੰਧ ਹਨ ? ਆਦਿ ਆਦਿ। ਮੈਂ ਸਾਹਿਤਕਾਰ ਜਾਂ ਆਲੋਚਕ ਹੋਣ ਦਾ ਬਿਲਕੁਲ ਕੋਈ ਦਾਅਵਾ ਕਰਨ ਤੋਂ ਬਿਨਾਂ ਇਸ ਵਿਸ਼ੇ ਤੇ ਆਪਣੇ ਵਿਚਾਰ ਕੁਝ ਉਹਨਾਂ ਸਾਥੀਆਂ ਨਾਲ ਸਾਂਝੇ ਕਰਨੇ ਚਾਹੁੰਦਾ ਹਾਂ, ਜੋ ਮਾਰਕਸ-ਵਾਦੀ ਫਿਲਾਸਫੀ, ਮਾਰਕਸਵਾਦੀ ਸਿਆਸਤ ਅਤੇ ਮਾਰਕਸਵਾਦੀ ਲਹਿਰ ਨਾਲ ਦਿਲਚਸਪੀ ਰਖਦੇ ਹਨ।

ਭਾਰਤੀ ਸਾਹਿਤ ਬਾਰੇ ਅਤੇ ਖਾਸ ਕਰ ਕੇ ਪੰਜਾਬੀ ਸਾਹਿਤ ਬਾਰੇ ਜਦੋਂ ਮਾਰਕਸਵਾਦੀ ਦ੍ਰਿਸ਼ਟੀਕੋਣ ਤੋਂ ਬਹਿਸ ਚਲਦੀ ਹੈ, ਤਾਂ ਸਾਨੂੰ ਇਸ ਇਤਿਹਾਸਕ ਸਚਾਈ ਦਾ ਬਹੁਤ ਚੰਗੀ ਤਰ੍ਹਾਂ ਅਹਿਸਾਸ ਹੋਣਾ ਚਾਹੀਦਾ ਹੈ ਕਿ

ਭਾਰਤ ਵਿਚ ਅਤੇ ਖਾਸ ਕਰਕੇ ਪੰਜਾਬ 'ਚ ਮਾਰਕਸਵਾਦ ਇਕ ਸਮੁਚੇ ਪ੍ਰਬੰਧ ਦੇ ਤੌਰ 'ਤੇ ਸਿਧਾਂਤਕ ਪੱਧਰ ਤੇ ਬਹੁਤ ਪਛੜਿਆ ਹੋਇਆ ਹੈ। ਇਸ ਅਹਿਮ ਇਤਿਹਾਸਕ ਸਚਾਈ ਨੂੰ ਮੱਦੇ-ਨਜ਼ਰ ਰਖਣ ਤੋਂ ਬਿਨਾਂ ਸਾਹਿਤ ਦੇ ਸਵਾਲ ਨੂੰ ਸਮਝਣ ਦੀ ਪਹੁੰਚ ਗਲਤ ਦਿਸ਼ਾਹੀਨ ਤੇ ਗੁਮਰਾਹਕੁਨ ਸਾਬਤ ਹੋਵੇਗੀ। ਪਿਛਲੇ ਚਾਰ ਪੰਜ ਸਾਲਾਂ ਤੋਂ ਬਿਨਾਂ [ਇਸ ਦੇ ਵੀ ਖਾਸ ਇਤਿਹਾਸਕ ਕਾਰਨ ਹਨ, ਜਿਨ੍ਹਾਂ ਨੂੰ ਅਸੀਂ ਕਦੇ ਫਿਰ ਵਿਚਾਰਾਂਗੇ] ਭਾਰਤ ਵਿਚ ਮਜ਼ਦੂਰ ਜਮਾਤ ਦੀ ਇਨਕਲਾਬੀ ਲਹਿਰ ਨਾਲ ਸੰਬੰਧਤ ਇਨ੍ਹਾਂ ਠੋਸ ਸਵਾਲਾਂ ਨੂੰ ਕਦੇ ਭਖਵੀਂ ਬਹਿਸ ਦਾ ਵਿਸ਼ਾ ਨਹੀਂ ਬਣਾਇਆ ਗਿਆ। ਭਾਰਤ ਦੀ ਸਰਮਾਏਦਾਰ ਜਮਾਤ ਦਾ ਇਤਿਹਾਸਿਕ ਵਿਕਾਸ ਕਿਵੇਂ ਹੋਇਆ? ਸਾਮਰਾਜਵਾਦ ਸਿਧਾਂਤ ਤੇ ਅਮਲ ਵਿਚ ਕੀ ਹੈ? ਭਾਰਤੀ ਸਰਮਾਏਦਾਰੀ ਤੇ ਸਾਮਰਾਜਵਾਦ ਵਿਚ ਇਤਿਹਾਸਕ ਸਬੰਧਾਂ ਦਾ ਵਿਕਾਸ ਕਿਵੇਂ ਹੋਇਆ ਤੇ ਇਸ ਦਾ ਹੁਣ ਠੋਸ ਰੂਪ ਕੀ ਹੈ?

ਕਿਸਾਨੀ ਦੇ ਸਵਾਲ ਨੂੰ ਸਮਝਣ ਦਾ ਲੈਨਿਨਵਾਦੀ ਢੰਗ ਕੀ ਹੈ? ਮਜ਼ਦੂਰ ਜਮਾਤ ਤੇ ਕਿਸਾਨੀ ਵਿਚ ਕੀ ਇਨਕਲਾਬੀ ਸਬੰਧ ਹਨ? [ਭਾਵੇਂ ਇਹਨਾਂ ਸਵਾਲਾਂ ਨੂੰ ਵੀ ਕੁਝ ਗਿਣਵੇਂ ਜਣਿਆਂ ਤੋਂ ਬਿਨਾਂ ਹੁਣ ਵੀ ਕੱਚੇ ਤੇ ਭੱਦੇ ਰੂਪ ਵਿਚ ਹੀ ਵਿਚਾਰਿਆ ਜਾਂਦਾ ਹੈ] ਇਹਨਾਂ ਸੁਆਲਾਂ ਬਾਰੇ ਕਿ ਜਮਾਤ ਕੀ ਹੁੰਦੀ ਹੈ, ਪਾਰਟੀ ਕੀ ਹੈ, ਜਨਤਕ ਜਥੇਬੰਦੀ ਕੀ ਹੈ, ਇਹਨਾਂ ਵਿਚ ਕੀ ਆਪਸੀ ਅੰਤਰ ਤੇ ਸੰਬੰਧ ਹੈ, 'ਇਕ ਵੀ' ਚੰਗਾ ਸਿਧਾਂਤਕ ਲੇਖ ਨਹੀਂ ਹੈ। ਲੈਨਿਨ ਤੇ ਕਾਟਸਕੀ [ਪਹਿਲਾਂ ਵਾਲਾ ਕਾਟਸਕੀ] ਜੋ ਕਿਸਾਨੀ ਦੇ ਸੁਆਲ ਨੂੰ ਵਿਗਿਆਨਕ ਢੰਗ ਨਾਲ ਸਮਝਣ ਵਾਲੇ ਪਹਿਲੇ ਮਾਰਕਸਵਾਦੀ ਸਨ, ਨੂੰ ਪੜ੍ਹਨਾ ਤਾਂ ਬਹੁਤੇ ਸਾਥੀ ਇਕ ਬੇਲੋੜੀ ਬੌਧਿਕ ਟਕਰਾਂ-ਮਾਰੂ ਕ੍ਰਿਆ ਹੀ ਸਮਝਦੇ ਹਨ। ਮਾਓ-ਜ਼ੇ-ਤੁੰਗ ਦੇ ਕਿਸਾਨੀ ਬਾਰੇ ਸਿਧਾਂਤਕ ਕੰਮ — ਜੋ ਇਕ ਇਨਕਲਾਬੀ ਮਾਰਕਸਵਾਦੀ ਦਾ ਆਪਣੀਆਂ ਠੋਸ ਇਤਿਹਾਸਕ ਸੱਚਾਈਆਂ ਨੂੰ ਵਿਗਿਆਨਕ ਢੰਗ ਨਾਲ ਸਮਝਣ ਦੀ ਸ਼ਾਨਦਾਰ ਉਦਾਹਰਣ ਹੈ — ਨੂੰ ਸ਼ਰਧਾ ਭਰੇ ਪਾਠ ਵਾਂਗ ਪੜ੍ਹ ਕੇ ਛੱਡ ਦਿਤਾ ਜਾਂਦਾ ਹੈ। ਸੋ ਆਪਣੇ ਮੂਲ ਵਿਚਾਰ ਵਲ ਮੁੜਦੇ ਹੋਏ ਮੈਂ ਇਹ ਫਿਰ ਦੁਹਰਾਵਾਂਗਾ ਕਿ ਜਿਥੇ ਮਾਰਕਸ਼ਵਾਦ ਇਕ ਵਿਗਿਆਨਕ ਦਵੰਦਾਤਮਕ ਪਦਾਰਥਵਾਦੀ ਵਿਚਾਰਧਾਰਾ ਦੇ ਰੂਪ ਵਿਚ ਸਿਧਾਂਤਕ ਤੌਰ ਤੇ ਇੰਨਾ ਪਛੜਿਆ ਹੋਵੇ, ਉਥੇ ਸਾਹਿਤ ਦੇ ਪਛੜੇਵੇਂ ਦੇ ਸੁਆਲ ਨੂੰ ਬਿਲਕੁਲ ਨਿਖੇੜ ਕੇ ਦੇਖਣਾ ਇਕ ਗ਼ੈਰ-ਇਤਿਹਾਸਕ ਤੇ ਇਸ ਕਰਕੇ ਗ਼ੈਰ-ਵਿਗਿਆਨਕ ਪਹੁੰਚ ਹੋਵੇਗੀ। ਮੈਂ ਥੋੜੇ ਸ਼ਬਦਾਂ ਵਿਚ ਮਾਰਕਸਵਾਦ ਦੇ ਭਾਰਤ ਵਿਚ ਤੇ ਖਾਸ ਕਰਕੇ ਪੰਜਾਬ ਵਿਚ ਸਿਧਾਂਤਕ ਪਛੜੇਵੇਂ ਦੇ ਕਾਰਨਾਂ ਨੂੰ ਭਿੰਨ ਵਖਰੇ ਪਰ ਆਪਸੀ-ਸੰਬੰਧਤ ਪੱਧਰਾਂ ਵਿਚ ਵਿਚਾਰਾਂਗਾ।

(ੳ) ਅੰਤਰ-ਰਾਸ਼ਟਰੀ ਕਾਰਨ :—ਖ਼ਾਂ ਦੀ ਬੂਰ ਕਾਰਨ ਮੈਂ ਇਨਾ ਹੀ ਕਹਿ ਸਕਦਾ ਹਾਂ ਕਿ ਅੰਤਰ-ਰਾਸ਼ਟਰੀ ਕਾਰਨ ਇਨ੍ਹਾਂ ਸਵਾਲਾਂ ਦੇ ਜਵਾਬ ਨਾਲ ਜੁੜੇ ਹਨ ਕਿ ਦੁਨੀਆਂ ਦਾ ਪਹਿਲਾ ਮਜ਼ਦੂਰ ਇਨਕਲਾਬ ਕਿਨ੍ਹਾਂ ਹਾਲਤਾਂ ਵਿਚ ਜਨਮਿਆ? ਉਸਦੀ ਕੀ ਇਤਿਹਾਸਕ ਮਹਾਨਤਾ ਸੀ ਅਤੇ ਜਿਸ ਅਧਾਰ 'ਤੇ ਉਹ ਖੜਾ ਸੀ, ਉਸਦੀਆਂ ਕੀ ਠੋਸ ਕੰਮਜ਼ੋਰੀਆਂ ਸਨ? ਲੈਨਿਨ ਤੋਂ ਬਾਅਦ ਸਟਾਲਿਨਵਾਦ ਦੀ ਚੜ੍ਹਤ ਦੇ ਕੀ ਇਤਿਹਾਸਕ ਕਾਰਨ ਸਨ।

ਨੌਕਰਸ਼ਾਹੀ ਨੇ ਕਿਵੇਂ ਜ਼ੋਰ ਫੜਿਆ, ਇਕੋ ਦੇਸ਼ ਵਿਚ ਸਮਾਜਵਾਦ ਦੀ ਮਾਰਕਸਵਾਦ-ਵਿਰੋਧੀ ਵਿਚਾਰਧਾਰਾ ਨੇ ਕਿਵੇਂ ਜਨਮ ਲਿਆ, ਸੋਧਵਾਦ ਦੇ ਬੀਜ ਕਿਵੇਂ ਬੀਜੇ ਗਏ, ਜਿਨਾਂ ਤੋਂ ਬਾਅਦ ਵਿਚ ਖਰੁਸ਼ਚੋਵਵਾਦ ਤੇ ਕੋਸੀਗਿਨ-ਵਾਦ ਪੂਰੇ ਦਰਖਤ ਬਣਕੇ ਉਗਰੇ। ਲੈਨਿਨ ਪਿਛੋਂ ਰੂਸੀ ਕਮਿਊਨਿਸਟ ਪਾਰਟੀ ਨੇ, ਦੁਨੀਆਂ ਭਰ ਦੇ ਇਨਕਲਾਬਾਂ ਨੂੰ ਕਿਵੇਂ ਰੂਸ ਦੇ ਸੌੜੇ ਕੌਮੀ ਹਿੱਤਾਂ ਤੋਂ ਕੁਰਬਾਨ ਕੀਤਾ ਤੇ ਇਸ ਤਰ੍ਹਾਂ ਮਾਰਕਸਵਾਦ ਦੀ ਸਿਧਾਂਤਕ ਤੇ ਅਮਲੀ ਉਨਤੀ 'ਤੇ ਕਿਵੇਂ ਬੇੜੀਆਂ ਲਾਈਆਂ? ਵੀਹਵੀਂ ਸਦੀ ਦੇ ਦੂਜੇ ਤੇ ਤੀਜੇ ਦਹਾਕੇ ਵਿਚ ਜੇ ਕਿਤੇ ਮਾਰਕਸਵਾਦ ਉਨਤ ਹੋਇਆ, ਤਾਂ ਇਹ ਸੀ ਪੱਛਮੀ ਯੂਰਪ ਦੇ ਉਨ੍ਹਾਂ ਦੇਸ਼ਾਂ ਵਿਚ ਜਿਥੇ ਮਾਰਕਸਵਾਦ ਦੀਆਂ ਜੜ੍ਹਾਂ ਮਾਰਕਸ ਤੇ ਏਂਗਲਜ਼ ਦੇ ਜ਼ਮਾਨੇ ਵਿਚ ਲੱਗ ਚੁਕੀਆਂ ਸਨ ਤੇ ਜਿਥੇ ਸਟਾਲਿਨ ਦੇ ਬਣਾਏ ਬੰਦ-ਘੇਰਿਆਂ ਵਿਚੋਂ ਬਾਹਰ ਜਾਇਆ ਜਾ ਸਕਿਆ। ਇਸਦੀਆਂ ਮਿਸਾਲਾਂ ਹਨ: ਇਟਲੀ ਦੀ ਕਮਿਊਨਿਸਟ ਪਾਰਟੀ ਦੇ ਬਾਨੀ-ਆਗੂ, ਮਾਰਕਸਵਾਦੀ ਸਿਧਾਂਤਕਾਰ ਤੇ ਇਨਕਲਾਬੀ ਆਗੂ ਐਂਤੋਨਿਓ ਗਰੈਮਸੀ ਅਤੇ ਕੁਝ ਹੱਦ ਤਕ ਹੰਗਰੀ ਦੇ ਮਾਰਕਸਵਾਦੀ ਫਿਲਾਸਫਰ-ਜਾਰਜ ਲੂਕਾਚ ਤੇ ਜਰਮਨੀ ਦੇ ਮਾਰਕਸਵਾਦੀ ਵਿਚਾਰਵਾਨ-ਕਾਰਲ ਕੌਰਸ਼। ਇਨ੍ਹਾਂ ਦੇ ਅਧਿਅਨ ਦਾ ਵਿਸ਼ਾ ਉਨਾਂ ਹੀ ਵਿਸ਼ਾਲ ਤੇ ਚੁੜੇਰਾ ਸੀ, ਜਿਨਾਂ ਕਿ ਮਾਰਕਸ, ਏਂਗਲਜ਼ ਤੇ ਲੈਨਿਨ ਦਾ। ਏਸ਼ੀਆ ਵਿਚ ਇਸਦੀ ਇਕੋ ਇਕ ਚਮਕਦੀ ਮਿਸਾਲ

ਮਾਓਜ਼ੇਤੁੰਗ ਹੈ। ਰੂਸ ਵਿਚ ਬਾਲਸ਼ਵਿਕ ਇਨਕਲਾਬ ਤੋਂ ਬਾਅਦ ਤੇ ਪੁਰਾਣੇ ਬਾਲਸ਼ਵਿਕ ਆਗੂਆਂ ਦੇ 1935-39 ਵਿਚ ਕਤਲੇਆਮ ਤੋਂ ਬਾਅਦ ਕੋਈ ਨਵਾਂ ਮਾਰਕਸ-ਵਾਦੀ ਵਿਚਾਰਵਾਨ ਪੈਦਾ ਨਹੀਂ ਹੋਇਆ। ਸਿਰਫ਼ ਘਟੀਏ ਦਰਜੇ ਦੇ ਨੌਕਰਸ਼ਾਹ ਸੁਸਲੋਵ ਤੇ ਖਰੁਸਚੋਵ ਹੀ ਪੈਦਾ ਹੋਏ ਹਨ।

(ਅ) ਕੌਮੀ ਕਾਰਨ—ਭਾਰਤ ਵਿਚ ਮਾਰਕਸਵਾਦ ਦੀ ਨੀਂਹ ਤੇ ਵਿਕਾਸ [ਗਿਰਾਵਟ ਭਰੇ ਵਿਕਾਸ] ਦਾ ਸਮਾਂ ਉਹ ਸੀ, ਜਦੋਂ ਕਿ ਮਾਰਕਸਵਾਦ ਦੇ ਪਰੋਲਤਾਰੀ, ਕੌਮਾਂਤਰੀ ਵਾਦ ਦੇ ਇਨਕਲਾਬੀ ਸਿਧਾਂਤ ਉਤੇ ਹਮਲੇ ਹੋ ਰਹੇ ਸਨ ਤੇ ਸਟਾਲਿਨਵਾਦ ਚੜ੍ਹਤ ਵਿਚ ਜਾ ਰਿਹਾ ਸੀ। ਉਸ ਇਤਿਹਾਸਕ ਸੱਚ ਦੇ ਨਾਲ ਜੁੜੇ ਦੋ ਬੜੇ ਅਹਿਮ ਪੱਖ ਇਹ ਸਨ ਕਿ ਇਸਦੀ ਨੀਂਹ ਰੱਖਣ ਵਾਲੇ ਲੋਕ ਜਾਂ ਤਾਂ ਉਹ ਸਨ ਜੋ ਭਾਰਤ ਦੀ ਮਜ਼ਦੂਰ ਜਮਾਤ ਤੋਂ ਬਿਲਕੁਲ ਟੁਟੇ ਤੇ ਭਾਰਤ ਦੀਆਂ ਠੋਸ ਹਕੀਕਤਾਂ ਤੋਂ ਅਣਜਾਣ ਜਿਵੇਂ ਕਿ ਐਮ. ਐਨ. ਰਾਏ ਤੇ ਰਜਨੀ ਪਾਮਦੱਤ ਤੇ ਦੂਸਰੇ ਉਹ ਸਨ ਜਿਨ੍ਹਾਂ ਦਾ ਮਾਰਕਸਵਾਦੀ ਗਿਆਨ ਸਟਾਲਿਨ ਦੇ ਦਵੰਦਵਾਦੀ-ਪਦਾਰਥਵਾਦ ਤੇ ਇਤਿਹਾਸਕ-ਪਦਾਰਥਵਾਦ ਦੇ ਚਾਰ, ਚਾਰ ਨੇਮਾਂ ਤੱਕ ਸੀਮਿਤ ਸੀ। ਇਨ੍ਹਾਂ ਦੋਹਾਂ ਪੱਖਾਂ ਨੇ ਇਕ ਦੂਜੇ ਨੂੰ ਪੱਕਾ (reinforce) ਕਰਕੇ ਭਾਰਤ ਵਿਚ ਮਾਰਕਸਵਾਦ ਦੇ ਸਿਧਾਂਤ ਦੀ ਉਨਤੀ ਤੇ ਬੰਧ ਲਾਏ। ਇਨ੍ਹਾਂ ਦੋਹਾਂ ਪੱਖਾਂ ਨਾਲ ਜੁੜਿਆ ਸੀ ਭਾਰਤੀ ਕਮਿਊਨਿਸਟ ਪਾਰਟੀ ਦਾ ਸਮਾਜੀ ਆਧਾਰ। ਇਹ ਪਾਰਟੀ ਕਦੇ ਵੀ ਮਜ਼ਦੂਰ ਜਮਾਤ ਦੀ ਹਰਾਵਲ-ਦਸਤਾ ਪਾਰਟੀ ਨਾ ਬਣ ਸਕੀ ਤੇ ਕਿਸਾਨੀ ਦੇ ਸਭ ਤੋਂ ਕੁਚਲੇ ਭਾਗ ਵਿਚ ਆਪਣੀਆਂ ਜੜ੍ਹਾਂ ਨਾ ਲਾ ਸਕੀ। ਭਾਰਤ ਦੇ ਕੁਝ ਹਿੱਸਿਆਂ ਨੂੰ ਛੱਡਕੇ; ਜਿਵੇਂ ਬੰਬਈ, ਆਂਧਰਾ ਤੇ ਬੰਗਾਲ ਦੇ ਕੁਝ ਇਲਾਕੇ, ਇਸ ਪਾਰਟੀ ਦਾ ਜਮਾਤੀ ਆਧਾਰ ਸ਼ਹਿਰੀ ਤੇ ਕਿਸਾਨੀ ਮਧ-ਵਰਗ ਹੀ ਸੀ।

(3) ਮਾਰਕਸਵਾਦ ਮਜ਼ਦੂਰ ਜਮਾਤ ਦੀ ਫਿਲਾਸਫ਼ੀ ਤੇ ਸਿਧਾਂਤ ਹੈ। ਪੰਜਾਬ ਵਿਚ ਮਜ਼ਦੂਰ ਜਮਾਤ ਦੀ ਹੁਣ ਤੱਕ ਲੱਗ-ਪੱਗ ਅਣਹੋਂਦ ਮਾਰਕਸਵਾਦ ਦੇ ਸਿਧਾਂਤਕ ਪਛੜੇਵੇਂ ਦਾ ਮੁਖ ਕਾਰਨ ਹੈ। ਕਿਸਾਨੀ ਵਿਚ ਵੀ, ਕਮਿਊਨਿਸਟ ਪਾਰਟੀ [ਪਾਰਟੀਆਂ] ਦਾ ਆਧਾਰ ਮਧ ਵਰਗ ਤੇ ਅਮੀਰ ਕਿਸਾਨੀ ਤੱਕ ਹੀ ਸੀਮਤ ਹੈ। ਗਰੀਬ ਤੇ ਬੇਜ਼ਮੀਨੀ ਕਿਸਾਨੀ ਕੋਲ ਹਾਲਾਂ ਤੱਕ ਵੀ ਕਮਿਊਨਿਸਟ ਪਾਰਟੀ ਨਹੀਂ ਜਾ ਸਕੀ। ਗੈਰ-ਪਰੋਲਤਾਰੀ ਆਧਾਰ ਵਾਲੀ ਪਾਰਟੀ ਹਮੇਸ਼ਾਂ ਸਿਧਾਂਤ ਵਿਚ ਪਤੇਲਾਪਨ ਤੇ ਗੰਧਲਾਪਣ ਪਾਉਣ ਲਈ ਮਜਬੂਰ ਹੋ ਜਾਂਦੀ ਹੈ। ਪੰਜਾਬ ਵਿਚ ਹਾਲਾਂ ਤੱਕ ਮਾਰਕਸ਼ਵਾਦ ਇਕ ਆਰਥਿਕ ਸਿਧਾਂਤ, ਇਕ ਫਿਲਾਸਫੀ ਜਾਂ ਸਿਆਸੀ ਵਿਚਾਰਧਾਰਾ ਦੇ ਰੂਪ ਵਿਚ ਨਹੀਂ ਵਧਿਆ ਫੁਲਿਆ, ਸਗੋਂ ਸਿਰਫ਼ ਇਕ ਸਾਹਿਤਕ ਲਹਿਰ ਦੇ ਰੂਪ ਵਿਚ ਹੀ ਸੀਮਤ ਰਿਹਾ ਹੈ। ਇਸ ਦਾ ਇਕ ਬੜਾ ਵਧੀਆ ਸੂਚਕ ਹੈ ਕਿ ਪੰਜਾਬ ਦੀਆਂ ਯੂਨੀ-ਵਰਸਟੀਆਂ ਵਿਚ ਮਾਰਕਸਵਾਦ ਆਰਥਿਕ ਸ਼ਾਸਤਰ ਵਿਭਾਗਾਂ, ਇਤਿਹਾਸ, ਸਮਾਜ ਸ਼ਾਸਤਰ ਜਾਂ ਰਾਜਨੀਤੀ ਸ਼ਾਸਤਰ ਦੇ ਵਿਭਾਗਾਂ ਵਿਚ ਨਹੀਂ ਖ਼ਹਿਸਿਆ, ਵਿਚਾਰਿਆ, ਜਾਂ ਪਰਵਾਨਿਆ ਜਾਂਦਾ; ਸਗੋਂ ਪੰਜਾਬੀ ਭਾਸ਼ਾ ਦੇ ਪ੍ਰੋਫੈਸਰਾਂ ਤੱਕ ਹੀ ਸੀਮਤ ਰਹਿ ਜਾਂਦਾ ਹੈ। ਮਰਕਸਵਾਦ ਪੰਜਾਬ ਦੇ ਸਨਅਤੀ ਢਾਂਚੇ ਨੂੰ ਸਮਝਣ ਲਈ ਜਾਂ ਮਜ਼ਦੂਰ ਜਮਾਤ ਦੀ ਸਮਾਜੀ-ਆਰਥਿਕ ਸਮਝਣ ਲਈ, ਜਾਂ ਕਿਸਾਨੀ ਦਾ ਜਮਾਤੀ-ਵਿਸ਼ਲੇਸ਼ਣ ਕਰਨ ਲਈ ਜਾਂ ਪੰਜਾਬ ਦੀਆਂ ਸਿਆਸੀ ਪਾਰਟੀਆਂ ਦਾ ਸਮਾਜੀ ਆਧਾਰ ਸਮਝਣ ਲਈ, ਜਾਂ ਕਿਸਾਨੀ ਦੀਆਂ ਵੱਖ ਵੱਖ ਸਮੇਂ ਤੇ ਉਠੀਆਂ ਲਹਿਰਾਂ ਸਮਝਣ ਲਈ ਜਾਂ ਸਿਖ ਇਤਿਹਾਸ ਦਾ ਪਦਾਰਥਵਾਦੀ ਨਜ਼ਰੀਏ ਤੋਂ ਵਿਗਿਆਨਕ ਅਧਿਅਨ ਕਰਨ ਲਈ ਨਹੀਂ ਅਪਣਾਇਆ ਜਾਂਦਾ; ਸਗੋਂ ਹੀਰ-ਰਾਂਝਾ, ਮਿਰਜ਼ਾ ਸਾਹਿਬਾਂ ਤੇ ਲੂਣਾ ਦੇ ਵੱਖ ਵੱਖ ਪਾਤਰਾਂ ਦੀ ਅਮਰੂਤ (abstract) ਵਿਸ਼ਲੇਸ਼ਣ ਲਈ ਵਰਤਿਆ ਜਾਂਦਾ ਹੈ। ਪੰਜਾਬ ਵਿਚ ਕੋਈ ਵੀ ਮਾਰਕਸਵਾਦੀ ਸੋਚਵਾਨ ਮਾਰਕਸਵਾਦ ਦੇ ਵਿਗਿਆਨਕ ਇਤਿਹਾਸਕ-ਪਦਾਰਥਵਾਦੀ ਸਿਧਾਂਤ ਨੂੰ ਸਿੱਖ ਫਿਲਾਸਫੀ ਦੇ ਵਿਚਾਰਵਾਦੀ ਸਿਧਾਂਤ ਤੋਂ ਵਖਰੇਵਾਂ ਕਰਕੇ ਨਿਖੜਵੇਂ ਰੂਪ ਵਿਚ ਪੇਸ਼ ਨਹੀਂ ਕਰ ਸਕਿਆ। ਜੇ ਕਿਸੇ ਨੇ ਸਮਝਣ ਦੀ ਈਮਾਨਦਾਰ ਕੋਸ਼ਿਸ਼ ਵੀ ਕੀਤੀ; ਜਿਵੇਂ ਕਿ ਕਿਸ਼ਨ ਸਿੰਘ; ਤਾਂ ਉਥੇ ਵੀ ਸਿਖ ਫਿਲਾਸਫੀ ਦੇ ਵਿਚਾਰਵਾਦੀ ਸਿਧਾਂਤ ਦੇ ਇਨਕਲਾਬੀ ਤੱਤ ਨੂੰ ਆਪਣੇ ਅਡਰੇ ਰੂਪ ਵਿਚ ਅਲੱਗ ਪੱਧਰ ਵਿਚ ਨਿਖੇੜਨ ਦੀ ਬਿਜਾਏ, ਉਸ ਨੂੰ ਮਾਰਕਸਵਾਦ ਦੇ ਵਿਗਿਆਨਕ ਸਿਧਾਂਤ ਨਾਲ ਰਲਗਡ ਕਰਕੇ ਗੰਧਲਿਆ ਗਿਆ। ਭਾਵੇਂ ਇਨਕਲਾਬੀ ਪਾਰਟੀ ਦਾਅ-ਪੇਚ ਦੇ ਤੌਰ ਤੇ ਧਰਮ ਦੇ ਸੁਆਲ ਨੂੰ ਮੁਖ ਸਵਾਲ ਕਰਕੇ ਨਹੀਂ ਵੇਖਦੀ (ਪੰਜਾਬ ਵਿਚ ਕੋਈ ਵੀ ਇਨਕਲਾਬੀ ਪਾਰਟੀ ਇਹ ਗਲਤੀ ਕਰੇਗੀ ਜੇ ਇਹ ਸਿੱਖ ਧਰਮ ਦੇ ਮਧ-ਕਾਲੀਨ ਯੁਗ ਵਿਚ ਜ਼ੁਲਮ-ਵਿਰੋਧੀ ਇਨਕਲਾਬੀ ਤੱਤ ਨੂੰ ਆਪਣੇ ਰੋਜ਼ਾਨਾ ਕੰਮ ਢੰਗ ਵਿਚ ਪ੍ਰਚਾਰ ਦੇ ਤੌਰ ਤੇ ਨਹੀਂ ਵਰਤਦੀ ਪਰ

ਜਿਥੇ ਤੱਕ ਸਿਧਾਂਤ ਅਤੇ ਫਿਲਾਸਫੀ ਦਾ ਸੰਬੰਧ ਹੈ, ਪੰਜਾਬ ਵਿਚ ਮਾਰਕਸਵਾਦ ਇਕ ਨਵੀਂ ਫਿਲਾਸਫੀ ਦੇ ਤੌਰ ਤੇ ਸਿਖ ਫਿਲਾਸਫੀ ਦੇ ਗੁਣ ਦੋਸ਼ ਵਿਵੇਚਨ (critique) ਤੋਂ ਹੀ ਵਧੇ-ਫੁਲੇਗਾ। ਇਸ ਬਾਰੇ ਮਾਰਕਸ ਦਾ ਬਹੁਮੁਲਾ ਅਖਾਣ ਬੜਾ ਢੁਕਵਾਂ ਹੋਵੇਗਾ :

"The critique of religion is the pre-requisite for all criticism..."

(Karl Marx's Biography by Heinrich Gemkow pp 32)

ਸਿਧਾਂਤ ਤੇ ਅਮਲ ਦੀ ਸਾਪੇਖਕ ਖੁਦਮੁਖਤਾਰੀ (relative antonomy) ਦੀ ਅਹਿਮੀਅਤ ਨੂੰ ਇਸ ਪ੍ਰਸੰਗ ਵਿਚ ਸਮਝਣਾ ਬਹੁਤ ਜ਼ਰੂਰੀ ਹੈ।

ਇਸ ਤਰ੍ਹਾਂ ਜਿਥੇ ਮਾਰਕਸਵਾਦ ਸਿਧਾਂਤਕ ਰੂਪ ਵਿਚ ਇਨਾ ਪਛੜਿਆ ਹੋਵੇ, ਉਥੇ ਇਕ ਸਾਹਿਤਕਾਰ, ਜੋ ਮਾਰਕਸਵਾਦ ਨੂੰ ਆਪਣੀ ਬੌਧਿਕ ਵਿਚਾਰਧਾਰਾ ਮੰਨਦਾ ਹੋਵੇ। ਇਜਹਾ ਬਹੁ-ਪੱਖੀ ਸਾਹਿਤ — ਜੋ ਸੂਚਾਈ ਨੂੰ ਇਸ ਦੇ ਬਹੁ-ਪੱਖੀ ਜਟਿਲ ਰੂਪ ਵਿਚ ਫੜ ਸਕੇ — ਕਿਵੇਂ ਪੈਦਾ ਕਰ ਸਕਦਾ ਹੈ ?

ਪਿਛਲੇ ਕੁਝ ਸਾਲਾਂ ਵਿਚ ਭਾਰਤ ਵਿਚ ਮਾਰਕਸਵਾਦੀ ਸਿਆਸਤ ਵਿਚ ਇਨਕਲਾਬੀ ਮੋੜ ਤਾਂ ਆਇਆ ਪਰ ਸਿਧਾਂਤਕ ਰੂਪ ਵਿਚ ਪਹਿਲਾਂ ਨਾਲੋਂ ਵੀ ਕਮਜ਼ੋਰ ਤੇ ਘਟੀਆ ਰੂਪ ਵਿਚ। ਪੰਜਾਬ ਵਿਚ ਤਾਂ ਇਹ ਸਚਾਈ ਬਹੁਤ ਹੀ ਨੰਗੇ-ਚਿਟੇ ਰੂਪ ਵਿਚ ਪ੍ਰਤੱਖ ਸੀ। ਸਿਆਸਤ ਦੇ ਇਸ ਸਿਧਾਂਤਕ ਪਖੋਂ ਕਮਜ਼ੋਰ ਇਨਕਲਾਬੀ ਮੋੜ ਨੇ ਜਿਸ ਸਾਹਿਤ ਨੂੰ ਜਨਮ ਦਿਤਾ ਹੈ, ਉਹ ਗੋਲੀ, ਬੰਦੂਕ, ਬੰਬ, ਅੱਗ ਤੇ ਠੂਹ-ਠਾਹ ਦੀ ਬੋਲੀ ਵਿਚ ਲਿਖੀ ਕਵਿਤਾ ਤੋਂ ਅਗਾਂਹ ਨਾ ਵਧ ਸਕਿਆ। ਇਜੇਹਾ ਸਾਹਿਤ ਕੁਦਰਤੀ ਤੌਰ ਤੇ ਚਿਰਜੀਵੀ ਨਹੀਂ ਸੀ ਹੋ ਸਕਦਾ। ਇਜੇਹੇ ਸਾਹਿਤ ਵਿਚ Vulgarism ਦੇ ਪ੍ਰਤਿਕ੍ਰਿਆ ਕਾਰਨ ਹੀ ਹੈ ਕਿ ਪਿਛਲੇ ਕੁਝ ਸਮੇਂ ਵਿਚ ਜਦੋਂ ਕਿ ਇਨਕਲਾਬੀ ਲਹਿਰ retreat ਵਿਚ ਹੈ, ਇਸ ਕੌੜੀ ਸਚਾਈ ਨੂੰ ਗੈਰ-ਜਜ਼ਬਾਤੀ ਢੰਗ ਨਾਲ ਸਮਝਿਆ ਜਾਣ ਲੱਗਾ ਹੈ, ਸਾਹਿਤ ਨੂੰ ਆਪਣੇ ਪ੍ਰਸੰਗ ਵਿਚ ਦੇਖਿਆ ਜਾਣ ਲੱਗਾ ਹੈ ਅਤੇ ਆਪਣੇ ਬਣਾਏ ਬੰਦ ਘੇਰਿਆਂ ਵਿਚੋਂ ਅੱਗੇ ਵਧਣ ਦਾ ਯਤਨ ਕੀਤਾ ਗਿਆ ਹੈ। ਇਸ ਦਿਸ਼ਾ ਵਿਚ ਆਪਣੀਆਂ ਸਭ ਸੀਮਾਵਾਂ ਦੇ ਬਾਵਜੂਦ ਜੁਝਾਰ ਸਿੰਘ, ਇਕਬਾਲ ਸਿੰਘ, ਭਗਵਾਨ ਸਿੰਘ, ਮੇਘ ਅਤੇ ਕੁਝ ਹੋਰਨਾਂ ਦੇ ਵੱਖ ਵੱਖ ਪਤ੍ਰਿਕਾਵਾਂ ਵਿਚ ਛਪੀਆਂ ਲਿਖਤਾਂ ਉਸਾਰੂ ਰੁਚੀ ਦੀਆਂ ਸੂਚਕ ਹਨ।

ਜੇ ਅਸੀਂ ਪਿਛਲੇ ਪੰਜ ਛੇ ਸਾਲਾਂ ਵਿਚ ਰਚੇ ਗਏ ਜੁਝਾਰੂ ਸਾਹਿਤ ਤੇ ਨਜ਼ਰ ਮਾਰੀਏ, ਤਾਂ ਪਤਾ ਲਗੇਗਾ ਕਿ ਇਹ ਸਾਹਿਤ ਮੁਖ ਤੌਰ ਤੇ ਕਾਵਿ ਰੂਪ ਵਿਚ ਹੀ ਰਚਿਆ ਗਿਆ ਹੈ। ਉਸ ਵਿਚ ਦੋ ਵੱਖਰੀਆਂ ਧਾਰਾਵਾਂ ਵੇਖੀਆਂ ਜਾ ਸਕਦੀਆਂ ਹਨ। ਇਕ ਤਾਂ ਹਨ, ਉਹ ਕਵੀ ਜਿਨ੍ਹਾਂ ਦੀ ਸੋਚ ਨਿਸਬਤਨ ਡੂੰਘੀ ਹੈ,ਪਰ ਸਮਾਜੀ ਯਥਾਰਥ ਤੋਂ ਬਹੁਤ ਦੂਰ। ਇਸ ਲਈ ਉਨ੍ਹਾਂ ਦੀ ਸੁਪਨਮਈ ਕਵਿਤਾ ਭਾਵੇਂ ਰੂਪ ਵਿਚ ਸੁੰਦਰ ਤੇ ਅਮੀਰ ਲਗਦੀ ਹੈ, ਪਰ ਵਿਸ਼ਾ-ਵਸਤੂ ਵਿਚ ਹੈ, ਬਹੁਤ ਕਮਜ਼ੋਰ। ਇਸ ਤਰ੍ਹਾਂ ਦੀ ਕਵਿਤਾ ਲਿਖਣ ਵਾਲਿਆਂ ਵਿਚ ਆਉਂਦੇ ਹਨ, ਅਮਿਤੋਜ, ਸੁਰਜੀਤ ਪਾਤਰ। ਇਜੇਹੇ ਕਵੀ ਗੁੰਝਲਦਾਰ ਸ਼ਬਦਾਵਲੀ ਤੇ ਚਿੰਨ੍ਹ ਵਰਤ ਕੇ ਇਕ Elite ਕਿਸਮ ਦੀ ਕਵਿਤਾ ਨੂੰ ਜਨਮ ਦਿੰਦੇ ਹਨ, ਜੋ ਕਿ ਸਿਰਫ ਨਜ਼ਦੀਕੀ ਦਾਇਰਿਆਂ ਵਿਚ ਹੀ ਸਮਝੀ ਤੇ ਸਲਾਹੀ ਜਾ ਸਕਦੀ ਹੈ। ਇਸ ਧਾਰਾ ਦੇ ਬਿਲਕੁਲ 180° ਉਲਟ ਹੈ, ਉਹ ਕਵਿਤਾ, ਜੋ ਸਮਾਜੀ ਯਥਾਰਥ ਨਾਲ ਕੁਝ ਨੇੜਤਾ ਤਾਂ ਦਰਸਾਉਂਦੀ ਹੈ ਪਰ ਰੂਪ ਵਿਚ ਹੈ ਬਹੁਤ ਗਰੀਬ। ਇਸ ਤਰ੍ਹਾਂ ਦੀ ਕਵਿਤਾ ਲਿਖਣ ਵਾਲੇ ਹਨ ਕਈ ਦਰਜਨਾਂ ਨਵੇਂ ਖਾੜਕੂ ਕਵੀ, ਜਿਨ੍ਹਾਂ ਦੀਆਂ ਕਵਿਤਾਵਾਂ ਨਾਲ ਪੰਜਾਬੀ ਦੇ ਬਹੁਤ ਸਾਰੇ ਰਸਾਲੇ ਹਰ ਮਹੀਨੇ ਭਰੇ ਮਿਲਦੇ ਹਨ। ਇਨ੍ਹਾਂ ਦੋਹਾਂ ਤੋਂ ਬਿਲਕੁਲ ਵੱਖਰੀ ਕਿਸਮ ਦੀ ਕਵਿਤਾ ਰਚਣ ਵਾਲਿਆਂ ਵਿਚ ਆਉਂਦੇ ਹਨ, ਸੰਤ ਰਾਮ ਉਦਾਸੀ ਜੋ ਜਨਤਕ ਕਿਸਮ ਦੀ ਕਵਿਤਾ ਰਚਦੇ ਹਨ। ਇਜੇਹੀ ਕਵਿਤਾ ਸੰਘਰਸ਼ ਵਿਚੋਂ ਉਪਜੀ ਹੈ, ਇਸ ਲਈ ਆਮ ਜਨਤਾ ਨੂੰ ਬਹੁਤ ਉਭਾਰਦੀ ਤੇ ਅਪੀਲ ਕਰਦੀ ਹੈ। ਇਕ ਇਨਕਲਾਬੀ ਪਾਰਟੀ ਆਪਣੇ ਜਨਤਕ ਕੰਮ ਵਿਚ ਇਸ ਤਰ੍ਹਾਂ ਦੀ ਕਵਿਤਾ ਦੀ ਜਨਤਕ ਅਪੀਲ ਨੂੰ ਅੱਖੋਂ ਓਹਲੇ ਨਹੀਂ ਕਰ ਸਕਦੀ। ਪਰ ਇਸ ਦੇ ਨਾਲ ਹੀ ਇਹ ਗਲਤੀ ਨਹੀਂ ਕਰਨੀ ਚਾਹੀਦੀ ਕਿ ਇਜੇਹੀ ਕਵਿਤਾ ਨੂੰ ਹੀ ਮਾਰਕਸਵਾਦ ਸਮਝ ਲਿਆ ਜਾਵੇ। ਪਹਿਲੀ ਤਰ੍ਹਾਂ ਦੀ ਗੁੰਝਲਦਾਰ ਸੁਪਨਮਈ ਕਵਿਤਾ ਭਾਵੇਂ ਕਈ ਪੱਖਾਂ ਵਿਚ ਦੂਜੀ ਤਰ੍ਹਾਂ ਦੀ ਠੂਹ-ਠਾਹ ਦੀ ਕਵਿਤਾ ਨਾਲੋਂ ਅਮੀਰ ਤੇ ਸੁਲਝੀ ਹੈ, ਪਰ ਇਹ ਸਚਾਈ ਕਿ ਇਹ ਕਵੀ ਵੀ ਸਿਰਫ ਕਵਿਤਾ ਰਚਨ ਤਕ ਹੀ ਮਜਬੂਰ ਹਨ, ਦਰਸਾਉਂਦੀ ਹੈ ਕਿ ਉਨ੍ਹਾਂ ਦੀ ਸਿਧਾਂਤਕ ਸਮਝ ਬਹੁਤ ਪੇਤਲੀ ਹੈ। ਨੌਜਵਾਨ ਮਾਰਕਸ ਵੀ ਕਵਿਤਾ ਲਿਖਿਆ ਕਰਦਾ ਸੀ,

ਪਰ ਉਸ ਨੇ ਬਹੁਤ ਜਲਦੀ ਕਵਿਤਾ ਦੀ ਭਿਣ-ਭੰਗਰੀ ਮਹਾਨਤਾ ਨੂੰ ਸਮਝ ਲਿਆ ਸੀ। ਆਪਣੇ ਪਿਤਾ ਨੂੰ ਇਕ ਚਿੱਠੀ ਵਿਚ 18 ਸਾਲਾਂ ਦਾ ਮਾਰਕਸ ਕਵਿਤਾ ਬਾਰੇ ਇਸ ਤਰ੍ਹਾਂ ਲਿਖਦਾ ਹੈ :

"In poetry, one has the desire to create a memorial to what one has lived through, so that it should once again win the same place in one's sensibilities that it has lost in reality."

ਪਰ ਮਾਰਕਸ ਨੇ ਆਪਣੇ ਆਪ ਨੂੰ ਸੁਪਨਿਆਂ ਤੇ ਜਜ਼ਬਿਆਂ ਵਿਚ ਹੀ ਨਹੀਂ ਸੀ ਖੋਹਿਆ, ਸਗੋਂ ਜਿਵੇਂ ਉਹ ਉਸੇ ਚਿੱਠੀ ਵਿਚ ਹੀ ਲਿਖਦਾ ਹੈ, "ਪਰ ਉਸ ਦੀ ਸਭ ਤੋਂ ਮਚਲਦੀ ਉਮੰਗ ਹੈ ਫ਼ਿਲਾਸਫ਼ੀ ਨਾਲ ਟੱਕਰ ਲੈਣਾ।" (ਫ਼ਿਲਾਸਫ਼ੀ ਨਾਲ ਟੱਕਰ ਲੈਣ ਦਾ ਚਾਹਵਾਨ ਇਹ ਨੌਜਵਾਨ ਮਾਰਕਸ ਜੇ ਆਪਣੀਆਂ ਸਕੀਮਾਂ ਅਨੁਸਾਰ ਆਪਣੀ ਜ਼ਿੰਦਗੀ ਵਿਚ ਸਾਹਿਤਕ ਨਾਵਲ ਲਿਖ ਸਕਦਾ ਤਾਂ ਪਤਾ ਨਹੀਂ ਇਜੇਹਾ ਨਾਵਲ ਦੁਨੀਆਂ ਦੇ ਸਾਹਿਤਕ ਖਜ਼ਾਨੇ ਵਿਚ ਕਿੰਨੀ ਵੱਡਮੁੱਲੀ ਦਾਤ ਹੋਣਾ ਸੀ)। ਅਮੀਰ ਸਾਹਿਤ ਰਚਣ ਲਈ ਅਮੀਰ ਫ਼ਿਲਾਸਫ਼ੀ ਤੇ ਅਮੀਰ ਸਿਧਾਂਤਕ ਚੌਖਟੇ ਦਾ ਹੋਣਾ ਬਹੁਤ ਜ਼ਰੂਰੀ ਹੈ ਤੇ ਅਮੀਰ ਸਾਹਿਤ ਸਿਰਫ ਕਵਿਤਾ ਤਕ ਹੀ ਸੀਮਿਤ ਨਹੀਂ ਰਹੇਗਾ। ਇਹ ਕਹਾਣੀ, ਨਾਟਕ, ਨਾਵਲ ਤੇ ਸਾਹਿਤ ਦੇ ਹਰ ਰੂਪ ਵਿਚ ਪਰਗਟ ਹੋਵੇਗਾ। ਕਵਿਤਾ ਰਚਨਾ ਵਿਚਾਰਵਾਨ ਦੇ ਬੌਧਿਕ ਵਿਕਾਸ ਦਾ ਬਚਪਨਾਪਨ ਹੈ ਅਤੇ ਜੇ ਇਕ ਖਾਸ ਸਮਾਜਕ ਇਕਾਈ ਵਿਚ ਕਵਿਤਾ ਹੀ ਸਭਿਆਚਾਰਕ ਪੈਦਾਵਾਰ ਦਾ ਮੁਖ ਰੂਪ ਹੋਵੇ, ਤਾਂ ਇਹ ਉਸ ਸਮਾਜਿਕ ਇਕਾਈ ਦੇ ਬੌਧਿਕ ਬਚਪਨੇਪਨ ਦਾ ਸੂਚਕ ਹੈ। ਇਹ ਫ਼ਿਲਾਸਫ਼ੀ ਤੇ ਸਿਧਾਂਤ ਦੀ ਸਮਝ ਦਾ ਦੀਵਾਲੀਆਪਨ ਹੀ ਹੈ ਕਿ ਪੰਜਾਬੀ ਸਾਹਿਤ ਦੇ ਅਗਾਂਹ-ਵਧੂ ਨਾਵਲਕਾਰ, ਕਹਾਣੀਕਾਰ ਤੇ ਨਾਟਕਕਾਰ ਜਿਵੇਂ ਕੰਵਲ, ਧੀਰ, ਸੇਖੋਂ ਤੇ ਨਵਤੇਜ ਕੁਝ ਇਕ ਦੋ ਲਿਖਤਾਂ ਤੋਂ ਬਿਨਾਂ ਸਿਰਫ ਫਾਰਮੂਲਾ-ਟਾਈਪ ਤੇ ਫ਼ਿਕਰੇਬਾਜ਼ ਸਾਹਿਤ ਨੂੰ ਹੀ ਜਨਮ ਦੇ ਸਕੇ ਹਨ ਤੇ ਹੁਣ ਦਿਨੋ ਦਿਨ ਸਾਹਿਤਕ ਤੇ ਸਭਿਆਚਾਰਕ ਗਿਰਾਵਟ ਵਲ ਜਾ ਰਹੇ ਹਨ। ਸਮਾਜਿਕ ਸਚਾਈ ਬਹੁਤ ਗੁੰਝਲਦਾਰ ਤੇ ਬਹੁ-ਪੱਖੀ ਹੈ। ਇਹ ਜਟਿਲ ਸਮਾਜੀ ਯਥਾਰਥ ਸਿਰਫ ਸੁਲਝੇ ਹੋਏ ਸਲੀਕੇ-ਮੰਦ ਤੇ ਅਮੀਰ ਸਿਧਾਂਤਕ-ਸੰਕਪਲਾ-ਤਮਕ ਚੌਖਟੇ ਰਾਹੀਂ ਹੀ ਸਮਝਿਆ ਜਾ ਸਕਦਾ ਹੈ।

ਮਾਰਕਸਵਾਦ ਸਿਧਾਂਤਕ ਤੌਰ ਤੇ ਤਾਂ ਹੀ ਅਮੀਰ ਤੇ ਉੱਨਤ ਹੋਵੇਗਾ ਜੇ ਇਥੋਂ ਦੀਆਂ ਠੋਸ ਹਕੀਕਤਾਂ ਨਾਲ ਟੱਕਰ ਲਵੇਗਾ, ਕੁਚਲੀਆਂ ਜਮਾਤਾਂ ਵਿਚੋਂ ਸਭਿਆਚਾਰਕ ਤੇ ਸਿਆਸੀ ਤੌਰ ਤੇ ਸਭ ਤੋਂ ਸੁਲਝੀ ਜਮਾਤ—ਮਜ਼ਦੂਰ ਜਮਾਤ—ਵਲ ਰੁਖ ਕਰੇਗਾ ਤੇ ਇਸ ਦੇ ਨਾਲ ਹੀ ਜਿਵੇਂ ਏਂਗਲਜ਼ ਨੇ ਕਿਹਾ ਸੀ ਕਿ ਇਸ ਨੂੰ ਸਾਇੰਸ ਵਾਂਗ ਪੜ੍ਹਿਆ ਤੇ ਵਿਚਾਰਿਆ ਜਾਵੇਗਾ। ਮਾਰਕਸਵਾਦ ਨੂੰ ਸਮਝਣ ਲਈ ਮਾਰਕਸ ਹੀ ਪੜ੍ਹਨਾ ਬਹੁਤ ਜ਼ਰੂਰੀ ਹੈ, ਲੈਨਿਨ ਨੂੰ ਸਮਝਣ ਲਈ ਲੈਨਿਨ ਹੀ ਪੜ੍ਹਨਾ ਬਹੁਤ ਜ਼ਰੂਰੀ ਹੈ। ਉਹ ਸਟਾਲਿਨ ਰਾਹੀਂ ਨਹੀਂ ਸਮਝੇ ਜਾ ਸਕਦੇ।

ਆਓ ਅਸੀਂ ਮਾਰਕਸ, ਏਂਗਲਜ਼ ਤੇ ਲੈਨਿਨ ਵਲ ਫਿਰ ਵਾਪਿਸ ਮੁੜੀਏ। ਸਾਡੀ ਸੋਚ ਡੂੰਘੀ ਹੋਵੇਗੀ ਤੇ ਸੰਦ੍ਰਿਸ਼ ਹੋਰ ਚੁੜੇਰਾ। ਆਓ ਅਸੀਂ ਮਾਰਕਸ ਦੀ ਅੰਤਰ-ਰਾਸ਼ਟਰੀ ਵਿਰਾਸਤ ਨਾਲ ਰਿਸ਼ਤਾ ਜੋੜੀਏ, ਰੋਜ਼ਾ ਲਗਜ਼ਮਬਰਗ, ਲੀਓਨ ਟਰਾਟਸਕੀ, ਕਾਰਲ ਲਿਬਨੇਖਤ, ਪ੍ਰੇਬਜ਼ੇਂਸਕੀ, ਗਰੈਮਸ਼ੀ, ਲੁਕਾਚ ਤੇ ਕਾਰਲ ਕੌਰਸ਼ ਨੂੰ ਪੜ੍ਹੀਏ ਤੇ ਸਮਝੀਏ। ਸਿਰਫ ਸੰਕਲਪਾਤਮਕ ਅਮੀਰੀ ਹੀ ਸਾਹਿਤ ਰਚਨਾ ਨੂੰ ਸੁੰਦਰਤਾ, ਸੂਹਜ, ਸਲੀਕਾ ਤੇ ਅਮੀਰੀ ਪ੍ਰਦਾਨ ਕਰ ਸਕੇਗੀ।

o

## 2 ਵਿਦਰੋਹੀ ਸਾਹਿਤ ਇਨਕਲਾਬੀ ਸਾਹਿਤ ਕਦੋਂ ਬਣਦਾ ਹੈ ? / ਭਗਵਾਨ ਸਿੰਘ

ਵਿਦਰੋਹੀ ਸਾਹਿਤ ਇਨਕਲਾਬੀ ਸਾਹਿਤ ਕਦੋਂ ਬਣਦਾ ਹੈ ? ਇਹ ਸਵਾਲ ਬਹੁਤ ਸਾਰੀਆਂ ਸਮੱਸਿਆਵਾਂ ਨੂੰ ਸਾਡੇ ਸਾਹਮਣੇ ਲਿਆਉਂਦਾ ਹੈ ! ਵਿਦਰੋਹੀ ਸਾਹਿਤ ਕੀ ਹੁੰਦਾ ਹੈ ? ਇਨਕਲਾਬੀ ਸਾਹਿਤ ਕੀ ਹੁੰਦਾ ਹੈ ? ਦੋਹਾਂ ਵਿਚ ਕੀ ਅੰਤਰ ਹੈ ਤੇ ਇਹ ਕਿਉਂ ਹੁੰਦਾ ਹੈ ? ਕੀ ਕਿਸੇ ਸਮੇਂ ਵਿਚ ਸਾਹਿਤ ਕੇਵਲ ਵਿਦਰੋਹੀ ਜਾਂ ਇਨਕਲਾਬੀ ਹੀ ਹੋ ਸਕਦਾ ਹੈ ਜਾਂ ਦੋਵਾਂ ਧਾਰਾਵਾਂ ਨਾਲ ਨਾਲ ਵੀ ਚਲ ਸਕਦੀਆਂ ਹਨ ? ਇਨ੍ਹਾਂ ਸਵਾਲਾਂ ਨੂੰ ਹੋਰ ਵੀ ਕਈ ਵੱਖ ਵੱਖ ਪੱਖਾਂ ਤੋਂ ਵੱਖਰੇ ਵੱਖਰੇ ਢੰਗਾਂ ਨਾਲ ਉਠਾਇਆ ਜਾ ਸਕਦਾ ਹੈ। ਪਰੰਤੂ ਵਿਚਾਰ ਕਰਨ ਵਾਲੇ ਵਿਸ਼ੇ ਵਿਚ ਸ਼ਬਦ 'ਕਦੋਂ' ਤੇ ਖਾਸ ਜ਼ੋਰ ਦਿਤਾ ਗਿਆ ਹੈ ਤੇ ਤਲਖ ਸਵਾਲ ਪੁਛਿਆ ਗਿਆ ਹੈ ਕਿ ਕੀ ਵਿਦਰੋਹੀ ਸਾਹਿਤ ਦੀ ਇਨਕਲਾਬੀ ਸਾਹਿਤ ਵਿਚ ਤਬਦੀਲੀ ਦੀ ਸੀਮਾ ਨੂੰ ਸਿਧਾਂਤਕ ਸੰਕਲਪਾਂ ਰਾਹੀਂ ਨਿਰਧਾਰਿਤ ਕੀਤਾ ਜਾ ਸਕਦਾ ਹੈ ਤੇ ਇਸ ਲਈ ਕਿਹੜੇ ਮਾਪ-ਦੰਡ ਹਨ ? ਅਜਿਹਾ ਹੀ ਕਦੋਂ ਦਾ ਸਵਾਲ

ਰੂਸੀ ਇਨਕਲਾਬ ਦੇ ਪ੍ਰਸੰਗ ਵਿਚ ਰਾਜਨੈਤਿਕ ਲਹਿਰਾਂ ਬਾਰੇ ਪੁਛਿਆ ਗਿਆ ਸੀ। 9 ਜਨਵਰੀ 1905 ਦੇ 'ਖੂਨੀ ਐਤਵਾਰ', ਜਿਸ ਨਾਲ ਰੂਸ ਵਿਚ ਪਹਿਲਾ ਇਨਕਲਾਬ ਸ਼ੁਰੂ ਹੋਇਆ ਸੀ। ਟਰਾਟਸਕੀ ਨੇ, ਆਪਣੀ ਪੁਸਤਕ '1905' ਲਿਖਿਆ ਸੀ:

"The comedy of libral spring had come to an end. The tragedy of revolution was beginning."

ਇਸ ਤਰ੍ਹਾਂ ਰੋਸ ਪ੍ਰਗਟ ਕਰਨ ਵਾਲੇ ਲੋਕ ਕੁਝ ਦਿਨਾਂ ਵਿਚ ਹੀ ਇਨਕਲਾਬੀ ਹੜ੍ਹ ਵਿਚ ਬਦਲ ਗਏ। ਪਰੰਤੂ ਸਾਹਿਤਕ ਖੇਤਰ ਵਿਚ ਇਸ 'ਕੁਦੋ' ਦਾ ਕੋਈ ਸਪੱਸ਼ਟ ਜਵਾਬ ਦੇ ਸਕਣਾ ਮੁਸ਼ਕਲ ਹੀ ਨਹੀਂ, ਸਗੋਂ ਅਸੰਭਵ ਲਗਦਾ ਹੈ। ਇਸ ਦਾ ਮੁਖ ਕਾਰਣ ਇਹ ਕਿ ਇਨਕਲਾਬ ਦੀਆਂ ਬਾਹਰਮੁਖੀ ਘਟਨਾਵਾਂ ਤੇ ਸਾਹਿਤ ਦਾ ਵਿਕਾਸ ਇਕ ਦੂਸਰੇ ਨਾਲ ਸੰਬੰਧਿਤ ਤਾਂ ਹੁੰਦਾ ਹੈ, ਪਰੰਤੂ ਇਹ ਜ਼ਰੂਰੀ ਨਹੀਂ ਕਿ ਇਹ ਇਕ ਦੂਸਰੇ ਦੇ ਸਮਾਨੰਤਰ ਚਲੇ*। ਕਈ ਵੇਰ ਤਾਂ ਪਰੰਪਰਾ ਦਾ ਰੋਲ ਐਨਾ ਮਹੱਤਵਪੂਰਨ ਬਾਧਿਕ ਸਿੱਧ ਹੁੰਦਾ ਹੈ ਕਿ ਸਾਹਿਤ ਪ੍ਰਕ੍ਰਿਤੀਵਾਦ ਅਤੇ ਰੂਪਵਾਦ ਦੀਆਂ ਸੀਮਾਵਾਂ ਕਾਰਣ ਇਨਕਲਾਬੀ ਲੋਕਾਂ ਦੇ ਤੇਜ਼ੀ ਨਾਲ ਬਦਲ ਰਹੇ ਜੀਵਨ ਨਾਲ ਆਪਣੀਆਂ ਤੰਦਾਂ ਜੋੜਨ ਤੋਂ ਵੀ ਅਸਮਰਥ ਰਹਿੰਦਾ ਹੈ। ਇਨਕਲਾਬੀ ਕੋਰਿਆ ਦਾ ਸਾਹਿਤ ਇਸ ਦੀ ਉਦਾਹਰਣ ਹੈ:

"The creative words of our writers and artists are open to many criticisms. They have failed to represent at the highest artistic level the noble ideas and feelings, the life and work of our people. In many respects their creative works have failed to keep in close touch with life, and are not keeping abreast of the realities of our rapid advance. Our writers and artists have not given avivid portrayal, with high quality presentation and artistic skill, of our people engaged in building our new life."

(Kim Ilsuny "On Revolutionary Literature and Arts.")

ਪਰ ਸਵਾਲਾਂ ਦਾ ਸਵਾਲ ਇਹ ਕਿ ਕੀ ਸਾਹਿਤ ਦੇ ਵਿਕਾਸ ਨੂੰ ਵਾਕਿਆ ਹੀ ਅਜਿਹੇ ਵਿਦਰੋਹੀ-ਇਨਕਲਾਬੀ ਸੰਕਲਪਾਂ ਵਿਚ ਸਮਝਿਆ ਜਾ ਸਕਦਾ ਹੈ? ਸੰਕਲਪ 'ਵਿਦਰੋਹੀ' ਅਤੇ 'ਇਨਕਲਾਬੀ' ਸਾਹਿਤਕ ਵਿਸ਼ਲੇਸ਼ਣ ਦੇ ਦ੍ਰਿਸ਼ਟੀਕੋਨ ਤੋਂ ਸੰਦਰਭ-ਬੋਧ ਦੇ ਵਿਸ਼ਲੇਸ਼ਣਾਤਮਿਕ ਸੰਕਲਪ ਨਹੀਂ, ਸਗੋਂ ਸਮੇਂ ਤੇ ਸਥਾਨ ਦੀਆਂ ਖਾਸ ਹਾਲਤਾਂ ਵਿਚ ਸਮਾਜ ਵਿਚ ਚਲ ਰਹੇ ਜਮਾਤੀ ਸੰਘਰਸ਼ (ਸਮਕਾਲੀ ਯਥਾਰਥ) ਦੇ ਰੂਪ ਵਲ ਸਾਹਿਤ ਅਤੇ ਲੇਖਕ ਦੇ ਵਤੀਰੇ ਨੂੰ ਦਰਸਾਉਣ ਲਈ ਵਰਤੇ ਗਏ ਸੰਕਲਪ ਹਨ। ਇਨ੍ਹਾਂ ਸੰਕਲਪਾਂ ਦਾ ਸੰਬੰਧਿਤ ਖੇਤਰ ਮੁਖ ਤੌਰ ਤੇ ਸਾਹਿਤ ਦੇ ਸਮਾਜਿਕ ਰੋਲ ਦਾ ਖੇਤਰ ਹੈ ਤੇ ਇਹ ਬਿਨਾਂ ਸ਼ੱਕ ਤੋਂ ਸਾਹਿਤ ਦੇ ਸਮੁੱਚੇ ਵਿਕਾਸ ਦਾ ਮੁਲੰਕਣ ਕਰਨ ਵਾਲੇ ਮਾਪ ਦੰਡਾਂ ਵਿਚੋਂ ਇਕ ਹੈ। ਭਾਵੇਂ ਸਾਹਿਤ ਨੂੰ ਹਮੇਸ਼ਾ ਹੀ ਬੋਦੀਆਂ ਕਦਰਾਂ ਕੀਮਤਾਂ, ਹੰਢ ਚੁਕੀ ਪਰੰਪਰਾ ਅਤੇ ਸਿਆਸੀ-ਨਜ਼ਾਮਾਂ ਦੇ ਖਿਲਾਫ ਹਥਿਆਰ ਵਜੋਂ ਵਰਤਿਆ ਗਿਆ, ਪਰੰਤੂ ਤਾਂ ਵੀ ਉਪਰਲੇ ਕਾਰਣ ਕਰਕੇ ਸਾਹਿਤ ਦੇ ਆਪਣੇ ਸਮੁੱਚੇ ਅੰਦਰੂਨੀ ਵਿਕਾਸ ਡਾਇਲੈਕਟਿਕ ਨੂੰ ਇਨ੍ਹਾਂ ਸੰਕਲਪਾਂ ਵਿਚ ਨਹੀਂ ਸਮਝਿਆ ਜਾ ਸਕਦਾ। ਕਿਸੇ ਰਚਨਾ ਦੇ ਕੇਵਲ ਸਮਾਜਿਕ ਘੋਲ ਵਿਚ ਰੋਲ ਨੂੰ ਹੀ ਉਸ ਰਚਨਾ ਦੇ ਮਹਾਨ ਹੋਣ ਦਾ ਮਾਪ-ਦੰਡ ਨਹੀਂ ਬਣਾਇਆ ਜਾ ਸਕਦਾ, ਪਰ ਉਸੇ ਸਮੇਂ ਇਹ ਗੱਲ ਵੀ ਸੰਭਵ ਹੈ ਕਿ ਮਹੱਤਵਪੂਰਣ ਸਮਾਜਿਕ ਰੋਲ ਦੇ ਨਾਲ ਕੋਈ ਹੋਰ ਮਾਪ-ਦੰਡਾਂ ਤੇ ਵੀ ਪੂਰੀ ਉਤਰਦੀ ਹੋਵੇ। ਗੱਲ ਨੂੰ ਸਪਸ਼ਟ ਕਰਨ ਲਈ ਇਕ ਹੋਰ ਉਦਾਹਰਣ ਲਈ ਜਾ ਸਕਦੀ ਹੈ। ਬਲਜ਼ਾਕ ਅਤੇ ਜ਼ੋਲਾ ਦੀਆਂ ਲਿਖਤਾਂ ਬਾਰੇ ਮਾਰਕਸਵਾਦ ਦੇ ਬਾਨੀਆਂ ਨੇ ਬਹੁਤ ਦਿਲਚਸਪ ਵਿਚਾਰ ਪ੍ਰਗਟ ਕੀਤੇ ਹਨ। ਸਿਆਸੀ ਪੱਧਰ ਤੇ ਬਲਜ਼ਾਕ ਇਕ ਪਿਛਾਂਹ-ਖਿਚੂ ਵਿਚਾਰਾਂ ਦਾ ਮਨੁੱਖ ਸੀ। ਉਸ ਦੀ ਹਮਦਰਦੀ ਸਮਾਜਿਕ ਵਿਕਾਸ ਵਿਚ ਰੋਕ ਬਣੀ ਜਮਾਤ ਦੇ ਨਾਲ ਸੀ, ਜਦੋਂ ਕਿ ਜ਼ੋਲਾ ਖੱਬੇ-ਪੱਖੀ ਵਿਚਾਰਾਂ ਦਾ ਲੇਖਕ ਸੀ ਤੇ ਖੱਬੇ-ਪੱਖੀ

*Certain periods of highest development of art stand in no direct relation with the general development of society, nor with the material basis and the skelton structure of its organisation. Witness the example of the Greeks as compared with the modern nations or even Shakespeare. —K. Marx

(Quated in the Theory of Literature" by Wellek and Warren)

ਸਾਹਿਤ ਵਿਚ ਉਸ ਦੀਆਂ ਸਾਹਿਤਕ ਵਿਧੀਆਂ ਕਾਫੀ ਹੱਦ ਤਕ ਭਾਰੂ ਸਨ। ਪਰ ਤਾਂ ਵੀ ਜ਼ੋਲਾ ਨੂੰ ਸਲਾਹੁਣ ਦੀ ਬਜਾਏ ਉਸ ਨੂੰ ਸੂਝਵਾਨ ਮਾਰਕਸਵਾਦੀ ਚਿੰਤਕਾਂ ਨੇ ਬਲਜ਼ਾਕ ਦੇ ਮੁਕਾਬਲੇ ਤੇ ਨਾ ਰੱਖ ਕੇ ਉਸ ਉਪਰ ਇਕ ਕਿਸਮ ਦੇ ਸਾਹਿਤਕ ਅੱਤਵਾਦ 'ਪ੍ਰਕ੍ਰਿਤੀਵਾਦ' ਦਾ ਲੇਬਲ (ਦੋਸ਼) ਲਾਇਆ ਹੈ। ਏਂਗਲਜ਼ ਨੇ ਤਾਂ ਇਥੋਂ ਤਕ ਕਿਹਾ ਹੈ :

"From Balzac, whom I consider a far greater master of realism than the Zolas, past, present or future.....I have learned more than from all the professional historians, economists and statisticians of the period together."

ਰੂਸੀ ਡੈਮੋਕ੍ਰੈਟਿਕ ਚਿੰਤਨ ਚਰਨਿਸ਼ੇਵਸਕੀ ਦੇ ਸ਼ਬਦਾਂ ਵਿਚ :

"A good tendeucy is no substitute for a weak talent."

'ਇਨਕਲਾਬੀ ਸਾਹਿਤ' ਦੇ ਸੰਕਲਪ ਨੂੰ ਕੇਵਲ ਅਮਲੀ ਤੌਰ ਤੇ ਹੀ ਨਹੀਂ, ਸਗੋਂ ਸਿਧਾਂਤਕ ਤੌਰ ਤੇ ਵੀ ਪ੍ਰਕਾਸ਼ਿਤ ਕਰਨਾ ਮੁਸ਼ਕਲ ਹੈ। ਇਨਕਲਾਬੀ ਸਾਹਿਤ ਦਾ ਸੰਕਲਪ ਪਹਿਲਾਂ ਇਹ ਗੱਲ ਮੰਨ ਕੇ ਚਲਦਾ ਹੈ ਕਿ ਇਨਕਲਾਬੀ ਰਚਨਾ ਦਾ ਸਿਰਜਨਹਾਰਾ ਆਪ ਵੀ ਇਨਕਲਾਬੀ ਨਹੀਂ ਹੋਵੇਗਾ, ਉਹ ਇਨਕਲਾਬੀ ਸਾਹਿਤ ਦੀ ਰਚਨਾ ਹੀ ਕਿਵੇਂ ਕਰੇਗਾ? ਪਰ ਲੇਖਕ ਦੇ ਇਨਕਲਾਬੀ ਹੋਣ ਤੋਂ ਕੀ ਭਾਵ ਹੈ ? ਸ਼ਾਇਦ ਇਸ ਦਾ ਕੁਝ ਲੋਕ ਇਹ ਜੁਵਾਬ ਦੇਣ ਕਿ ਉਹ ਇਨਕਲਾਬੀ ਮਾਰਕਸਵਾਦੀ ਹੋਵੇ ਤੇ ਇਸ ਸਵਾਲ ਦੇ ਜਵਾਬ ਵਿਚ ਕਿ ਕੀ ਸੰਸਾਰ ਵਿਚ ਅਜਿਹਾ ਕੋਈ ਲੇਖਕ ਹੋਇਆ ਹੈ ? ਬਹੁਤ ਸਾਰਿਆਂ ਦੇ ਦਿਲਾਂ ਵਿਚ ਗੋਰਕੀ ਉਭਰ ਆਵੇਗਾ। ਪਰ ਗੋਰਕੀ ਵੀ ਅਜਿਹੀ ਕਠੋਰ ਕਸਵੱਟੀ ਤੇ ਪੂਰਾ ਨਹੀਂ ਉਤਰਦਾ। ਜੇਕਰ ਅਸੀਂ ਗੋਰਕੀ ਦੇ ਸੰਸਾਰ ਦ੍ਰਿਸ਼ਟੀਕੋਣ ਦੇ ਵਿਕਾਸ, ਤੇ ਬਾਲਸ਼ਵਿਕਾਂ ਪ੍ਰਤਿ ਉਸ ਦੇ ਵਤੀਰੇ ਵਲ ਨਜ਼ਰ ਮਾਰੀਏ ਤਾਂ ਇਹ ਗੱਲ ਹੋਰ ਵੀ ਸਪੱਸ਼ਟ ਹੋ ਜਾਵੇਗੀ। 1897 ਤੋਂ 1901 ਦੇ ਸਮੇਂ ਵਿਚ ਗੋਰਕੀ ਮਾਰਕਸਵਾਦ ਅਤੇ ਨਰੋਧਨਿਜ਼ਮ ਨੂੰ ਸਿੰਥੇਸਿਜ਼ ਕਰਨ ਦੀ ਕੋਸ਼ਿਸ਼ ਵਿਚ ਸੀ। ਜਦੋਂ ਗੋਰਕੀ ਨੂੰ ਬਾਲਸ਼ਵਿਕਾਂ ਨੇ ਇਕ ਖਾਸ ਮਿਸ਼ਨ ਤੇ ਅਮਰੀਕਾ ਭੇਜਿਆ ਤਾਂ ਸਤੰਬਰ 1906 ਵਿਚ ਉਸ ਨੇ ਆਪਣੀ ਪਤਨੀ ਨੂੰ ਇਕ ਖਤ ਵਿਚ ਲਿਖਿਆ — 'ਮੈਂ ਹੁਣ ਇਹ ਮਹਿਸੂਸ ਕਰਦਾ ਹਾਂ ਕਿ ਹੁਣ ਤਕ ਮੈਂ ਬਿਲਕੁਲ ਹੀ ਇਨਕਲਾਬੀ ਨਹੀਂ ਸੀ। ਮੈਂ ਤਾਂ ਕੇਵਲ ਇਨਕਲਾਬੀ ਬਣ ਰਿਹਾ ਹਾਂ। ਜਿਨ੍ਹਾਂ ਲੋਕਾਂ ਨੂੰ ਅਸੀਂ ਇਨਕਲਾਬੀ ਸਮਝਦੇ ਸੀ, ਉਹ ਤਾਂ ਕੇਵਲ ਸੁਧਾਰਵਾਦੀ ਹਨ। ਇਨਕਲਾਬ ਦੇ ਸੰਕਲਪ ਨੂੰ ਡੂੰਘਾ ਕਰਨ ਦੀ ਲੋੜ ਹੈ ਤੇ ਅਜਿਹਾ ਕੀਤਾ ਜਾ ਸਕਦਾ ਹੈ।" ਦਿਲਚਸਪ ਗੱਲ ਇਹ ਹੈ ਕਿ ਇਸ ਵੇਲੇ ਗੋਰਕੀ ਆਪਣੇ ਨਾਵਲ 'ਮਾਂ' ਦਾ ਲੇਖਣ ਖਤਮ ਕਰ ਰਿਹਾ ਸੀ। ਗੋਰਕੀ ਨੇ ਟਾਲਸਟਾਏ ਅਤੇ ਚੈਖੋਵ ਨੂੰ ਸਦਾ ਹੀ ਆਪਣੇ ਨਾਲੋਂ ਮਹਾਨ ਲੇਖਕ ਸਮਝਿਆ ਹੈ। ਟਾਲਸਟਾਏ ਧਾਰਮਿਕ ਅਤੇ ਅਨਾਰਕਿਸ਼ਟ ਵਿਚਾਰਾਂ ਦਾ ਮਨੁੱਖ ਸੀ। ਚੈਖੋਵ ਬਾਰੇ ਆਪਣੇ ਇਕ ਲੇਖ ਵਿਚ ਈਲੀਆ ਅਹਿਰਨ ਬਰਗ ਲਿਖਦਾ ਹੈ, "ਨਾ ਹੀ ਆਪਣੀ ਜਵਾਨੀ ਵਿਚ ਤੇ ਨਾ ਹੀ ਆਪਣੀ ਸੂਝਵਾਨ ਉਮਰ ਵਿਚ ਉਸਦੇ ਸਿਆਸਤ ਬਾਰੇ ਵਿਚਾਰ ਕਦੇ ਸਾਫ਼ ਸਾਫ਼ ਸਨ ਤੇ ਮੌਤ ਤੋਂ ਬਾਅਦ ਮੈਂ ਉਸ ਨੂੰ ਮਲੋਮਲੀ ਮਾਰਕਸਵਾਦੀ ਦ੍ਰਿਸ਼ਟੀਕੋਣ ਵਾਲਾ ਲੇਖਕ ਨਹੀਂ ਬਣਾਉਣਾ ਚਾਹੁੰਦਾ।" ਇਸ ਸਾਰੀ ਚਰਚਾ ਤੋਂ ਮੇਰਾ ਭਾਵ ਇਹੀ ਹੈ ਕਿ ਸੰਸਾਰ ਦੇ ਮਹਾਨ ਲੇਖਕਾਂ ਨਾਲ ਅਸੀਂ ਸ਼ਬਦ 'ਇਨਕਲਾਬੀ' ਸਿੱਧੇ ਤੌਰ ਤੇ ਨਹੀਂ ਜੋੜ ਸਕਦੇ। ਹੋ ਸਕਦਾ ਹੈ ਸੰਸਾਰ ਵਿਚ ਕੁਝ ਅਜਿਹੇ ਇਨਕਲਾਬੀ ਲੇਖਕ ਹੋਣ ਪਰ ਅਜੇ ਤਕ ਸੰਸਾਰ ਸਾਹਿਤ ਵਿਚ ਉਹਨਾਂ ਦਾ ਕਿਸੇ ਨੇ ਇਸ ਕਤਾਰ ਦੇ ਲੇਖਕਾਂ ਵਿਚ ਜ਼ਿਕਰ ਨਹੀਂ ਕੀਤਾ।

ਸੰਕਲਪ 'ਵਿਦਰੋਹ' ਵੀ ਆਪਣੇ ਆਪ ਵਿਚ ਇਕ ਬਹੁਤ ਖੁਲ੍ਹਾ ਸੰਕਲਪ ਹੈ। ਜਿਥੋਂ ਤਕ ਇਸ ਸਵਾਲ ਦਾ ਸੰਬੰਧ ਹੈ ਕਿ ਕੀ ਖਾਸ ਸਮਾਜਿਕ ਪੜਾਵਾਂ ਉਪਰ ਪੈਦਾ ਹੋਣ ਵਾਲਾ ਸਾਹਿਤ ਵਿਦਰੋਹੀ ਹੈ ਜਾਂ ਨਹੀਂ ? ਮੈਂ ਇਸ ਸਵਾਲ ਨੂੰ ਹੀ ਗਲਤ ਸਵਾਲ ਸਮਝਦਾ ਹਾਂ ਤੇ ਇਸ ਉਪਰ ਕੀਤੀ ਜਾਣ ਵਾਲੀ ਬਹਿਸ ਨੂੰ ਵੀ ਗਲਤ ਬਹਿਸ ਕਿਉਂਕਿ ਸਾਹਿਤ ਸਿਰਜਨਾ ਦੀ ਪ੍ਰਕਿਰਿਆ ਦਾ ਜਨਮ ਹੀ ਵਿਦਰੋਹ ਵਿਚੋਂ ਹੁੰਦਾ ਹੈ, ਪਰੰਤੂ ਇਹ ਗੱਲ ਬਿਲਕੁਲ ਵੱਖਰੀ ਹੈ ਤੇ ਬਹਿਸ ਕਰਨ ਯੋਗ ਹੈ ਕਿ ਇਸ ਵਿਦਰੋਹ ਦੇ ਪ੍ਰਗਟਾਅ ਦਾ ਖਾਸਾ ਜਾਂ ਸੁਭਾਅ ਕੀ ਹੈ। ਜਿੰਨੀ ਦੇਰ ਮਨੁੱਖ ਸਮਾਜ ਵਿਚ ਹੈ, ਉਹ ਸਮਾਜੀ ਕੀਮਤਾਂ ਤੋਂ ਬਿਨਾਂ ਜੀ ਨਹੀਂ ਸਕਦਾ। ਇਸ ਲਈ ਹਰ ਲੇਖਕ ਆਪਣੀ ਸਿਰਜਨ ਪ੍ਰਕਿਰਿਆ ਦੌਰਾਨ ਅਚੇਤ ਜਾਂ ਸੁਚੇਤ ਤੌਰ ਤੇ ਆਪਣੇ ਵਲੋਂ ਗਲਤ ਸਮਝੀਆਂ ਜਾਂਦੀਆਂ ਮਨੁੱਖੀ ਕਦਰਾਂ ਦੇ ਖਿਲਾਫ ਵਿਦਰੋਹ ਕਰਦਾ ਹੈ, ਜਿਸ ਦੇ ਸੁਭਾਅ ਦਾ ਨਿਰਨਾ ਵਿਰੋਧੀ ਵਿਚਾਰਧਾਰਾਵਾਂ, ਅਸਲੋਂ

ਹੀ ਵੱਖਰੇ ਢੰਗ ਨਾਲ ਕਰਨਗੀਆਂ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਸਾਹਿਤ ਸਿਰਜਨਾ ਦੀ ਸਮੁੱਚੀ ਵਿਕਾਸ ਪ੍ਰਕਿਰਿਆ ਲੇਖਕ ਦੇ ਨਿਰੰਤਰ ਵਿਦਰੋਹ ਦਾ ਨਤੀਜਾ ਹੁੰਦੀ ਹੈ।

ਅੰਤਰ-ਰਾਸ਼ਟਰੀ ਪੱਧਰ ਤੇ ਜਦ ਕੋਈ ਦੇਸ਼ ਆਪਣੇ ਆਪ ਨੂੰ 'ਲੈਨਿਨ ਦੇ ਪੂਰਨਿਆਂ ਤੇ ਚਲਣ ਵਾਲਾ' ਆਖਦਾ ਹੈ ਤੇ ਆਪਣੇ ਆਪ ਨੂੰ ਉਸੇ ਵਿਚਾਰਧਾਰਾ ਦਾ ਸਹੀ ਦੱਸਣ ਵਾਲਾ ਇਕ ਹੋਰ ਦੇਸ਼ ਪਹਿਲੇ ਨੂੰ 'ਸਮਾਜੀ-ਸਾਮਰਾਜੀ' ਆਖਦਾ ਹੈ ਤਾਂ ਅਜਿਹੇ ਸਮਾਜ ਵਿਚ ਸੋਲਜ਼ੇਨਿਤਸਿਨ ਵਰਗੇ ਲੇਖਕ ਦੀਆਂ ਲਿਖਤਾਂ ਨਾਲ ਸ਼ਬਦ ਵਿਦਰੋਹ ਦੇ ਭਾਵ ਬਿਲਕੁਲ ਵੱਖਰੇ ਤੇ ਹੋਰ ਵੀ ਗੁੰਝਲਦਾਰ ਹੋ ਜਾਂਦੇ ਹਨ। ਕਿਉਂ ਕਿ ਇਕ ਦੇਸ਼ ਵਿਚ ਇਨਕਲਾਬ ਹੋ ਜਾਣ ਪਿਛੋਂ (ਇਕ ਵੱਖਰੀ ਗੱਲ ਹੈ ਕਿ ਉਸ ਦਾ ਨਿਪਾਰ ਕਿਵੇਂ ਹੁੰਦਾ ਹੈ) ਸ਼ਬਦ 'ਵਿਦਰੋਹ' ਇਕ ਬਿਲਕੁਲ ਹੀ ਨਵਾਂ ਪ੍ਰਸੰਗ ਗ੍ਰਹਿਣ ਕਰ ਲੈਂਦਾ ਹੈ। ਇਕ ਪੱਖ ਤੋਂ ਅਜਿਹੀ ਸਮਾਜਿਕ ਤਬਦੀਲੀ ਘੱਟੋ ਘੱਟ ਵਿਦਰੋਹੀ ਅਖਵਾਉਣ ਵਾਲੇ ਸਾਹਿਤ ਦਾ ਅੰਤ ਕਰ ਦਿੰਦੀ ਹੈ (ਸੋ ਸੰਕਲਪ ਵਿਦਰੋਹ ਅਤੇ ਇਨਕਲਾਬੀ ਕੇਵਲ ਬਾਹਰਮੁਖੀ ਪੱਖ ਤੋਂ ਸਾਹਿਤ ਤੇ ਲੇਖਕ ਦੇ ਵਤੀਰੇ ਵਿਚ ਯਥਾਰਥ ਪ੍ਰਤਿ ਆਈ ਤਬਦੀਲੀ ਨੂੰ ਹੀ ਪ੍ਰਗਟ ਕਰਦੇ ਹਨ ਤੇ ਇਹ ਸਾਹਿਤ ਦੇ ਵਿਕਾਸ ਦੀ ਸਮੁੱਚਤਾ ਨੂੰ ਮੁਲ-ਅੰਕਣ ਕਰਨ ਤੋਂ ਅਸਮਰੱਥ ਹਨ)। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਸਾਹਿਤਕ ਵਿਕਾਸ ਦੀ ਸਮੁੱਚਤਾ ਨੂੰ ਸਮਝਣ ਲਈ ਕਿਸ ਗੱਲ ਨੂੰ ਆਧਾਰ ਬਣਾਇਆ ਜਾਵੇ, ਜਿਸ ਨਾਲ ਸਾਹਿਤ ਦੀਆਂ ਸੌਂਦਰਜ-ਬੋਧ ਦੀਆਂ ਸਮੱਸਿਆਵਾਂ ਨੂੰ ਸੰਬੰਧਿਤ ਕੀਤਾ ਜਾ ਸਕੇ।

ਸਾਹਿਤ ਪ੍ਰਤਿ ਸਮੁੱਚੀ ਪਹੁੰਚ ਦਾ ਅਧਾਰ ਏਂਗਲਜ਼ ਦੇ ਨਿਯਮ 'ਯਥਾਰਥਵਾਦ ਦੀ ਜਿੱਤ' ਨੂੰ ਬਣਾਇਆ ਜਾ ਸਕਦਾ ਹੈ। 'ਯਥਾਰਥਵਾਦ' ਦੀ ਜਿੱਤ ਦੇ ਨਿਯਮ ਦਾ ਸਿੱਧਾ ਭਾਵ ਇਹ ਕਿ ਲੇਖਕ ਆਪਣੀ ਸਿਰਜਨ ਪ੍ਰਕਿਰਿਆ ਵਿਚ ਮੁਕੰਮਲ ਮਨੁੱਖੀ ਸ਼ਖਸੀਅਤ ਦੇ ਸੰਕਲਪ ਨੂੰ ਸਵੀਕਾਰ ਕਰਕੇ ਚਲਦਾ ਹੈ ਤੇ ਇੰਜ ਉਸ ਦੁਆਰਾ ਰਚੇ ਜਾ ਰਹੇ ਸਾਹਿਤ ਦੀ ਕੇਂਦਰੀ ਸੌਂਦਰਜ-ਬੋਧ ਸਮੱਸਿਆ ਗੁੰਝਲਦਾਰ ਸਮਾਜੀ ਵਿਕਾਸ ਪ੍ਰਕਿਰਿਆ ਵਿਚ ਮਨੁੱਖੀ ਸ਼ਖਸੀਅਤ ਦਾ ਮੁਨਾਸਬ ਚਿਤ੍ਰ ਹੋ ਨਿਬੜਦੀ ਹੈ। ਪਰੰਤੂ ਯਥਾਰਥਵਾਦ ਤੋਂ ਕੀ ਭਾਵ ਹੈ?

"Realism, however, is not some sort of middle way between false objectivity and false subjectivity, but on the contrary the true, solution-bringing third way, opposed to all the pseudo-dilemmas engendered by the wrongly posed questions of those who wander without a chart in the labyrinth of our time. Realism is the recognition of the fact that a work of literature can rest neither on a lifeless average, as the naturalists suppose, nor on an individual principle which dissolves its own self into nothingness. The central category and criterion of realist literature is the type, a peculiar synthesis which organically kinds together the general and the particular both in characters and situations. What makes a type is not its average quality, nor its more individual being, however profoundly conceived, what makes it a type is that in it all the humanly and socially essential determinants are present on their highest level of development, in the ultimate unfolding of the posibilities latent in them, in extreme presentation of their extremes, rendering concrete the peaks and limits of men and epoches."

(G. Luka'cs : Preface to the "Studies in European Realism", P. 6)

ਇੰਜ ਸਾਹਿਤ ਦਾ ਵਿਦਰੋਹੀ ਜਾਂ ਇਨਕਲਾਬੀ ਸੰਕਲਪਾਂ ਵਿਚ ਮੁਲੰਕਣ ਕਰਨ ਦੀ ਬਜਾਏ ਸਾਹਿਤ ਨੂੰ ਯਥਾਰਥ-ਵਾਦ ਦੀ ਪੈਦਾਵਾਰ ਤੇ ਵਿਕਾਸ ਦੇ ਸੰਕਲਪਾਂ ਵਿਚ ਸਮਝਣ ਦੀ ਲੋੜ ਹੈ। ਮਨੁੱਖੀ ਸਮਾਜ ਦਾ ਨਿਰੰਤਰ ਵਿਕਾਸ ਵੱਖ ਵੱਖ ਇਤਿਹਾਸਕ ਪ੍ਰਸੰਗਾਂ ਵਿਚ ਵੱਖ ਵੱਖ types ਨੂੰ ਜਨਮ ਦਿੰਦਾ ਹੈ ਤੇ ਇੰਜ ਹਰ ਯੁਗ ਯਥਾਰਥ-ਵਾਦੀ ਲੇਖਕ ਆਪਣੀ ਤੋਂ ਪਹਿਲੀ ਪਰੰਪਰਾ ਦੁਆਰਾ ਖੋਜੀਆਂ ਯਥਾਰਥ ਚਿਤ੍ਰਨ ਦੀਆਂ ਵਿਧੀਆਂ ਨੂੰ assimilate ਹੀ ਨਹੀਂ ਕਰਦਾ ਸਗੋਂ ਉਨ੍ਹਾਂ ਨੂੰ ਨਵੀਆਂ ਸਾਹਿਤਕ ਸਮੱਸਿਆਵਾਂ ਦਾ ਸਾਹਮਣਾ ਕਰਕੇ ਵਿਕਸਤ ਵੀ ਕਰਦਾ ਹੈ। ਸਮਾਜਵਾਦੀ ਯਥਾਰਥਵਾਦ ਇਕ ਵਖਰੇ ਪ੍ਰਸਪੈਕਟਿਵ ਵਿਚ ਆਲੋਚਨਾਤਮਿਕ ਯਥਾਰਥਵਾਦ ਦਾ ਹੀ ਵਿਕਸਤ ਹੋਇਆ ਰੂਪ ਹੈ ਜਿਸ ਵਿਚ ਆਲੋਚਨਾਤਮਿਕ

ਪੱਖ ਦੇ ਨਾਲ ਨਾਲ ਲੇਖਕ ਦੁਆਰਾ ਯਥਾਰਥ ਨੂੰ ਮੁੜ-ਰੂਪ ਦੇਣ ਵਿਚ ਉਸ ਦੇ ਚੇਤੰਨ ਸੰਸਾਰ ਦ੍ਰਿਸ਼ਟੀਕੋਨ (ਜਿਸ ਨੂੰ assertive Principle ਵੀ ਆਖਿਆ ਜਾਂਦਾ ਹੈ) ਤੇ ਵੀ ਜ਼ੋਰ ਦਿਤਾ ਜਾਂਦਾ ਹੈ। ਚੇਤੰਨ ਸੰਸਾਰ ਦ੍ਰਿਸ਼ਟੀਕੋਣ ਤਾਂ ਕੇਵਲ ਲੇਖਕ ਦੁਆਰਾ ਯਥਾਰਥ ਦੀ ਪਕੜ ਨੂੰ ਵਧੇਰੇ ਡੂੰਘੇਰਾ ਤੇ ਬਹੁ-ਪੱਖੀ ਬਣਾਉਂਦਾ ਹੈ ਪਰ ਇਹ ਟੇਲੈਂਟ ਦੀ ਗੁਰਬਤ ਦੀ ਘਾਟ ਨੂੰ ਪੂਰਾ ਕਰਨ ਤੋਂ ਅਸਮਰਥ ਰਹਿੰਦਾ ਹੈ।

ਪੰਜਾਬੀ ਸਾਹਿਤ ਵਿਚ ਹੁਣ ਤੱਕ ਯਥਾਰਥਵਾਦ ਦੇ ਸੰਕਲਪ ਦੀ ਕੋਈ ਸੰਤੁਲਿਤ ਸਮਝ ਨਹੀਂ ਬਣ ਸਕੀ। ਯਥਾਰਥ ਦੇ ਵੇਰਵੇ ਗਰਾਫਿਕ ਚਿਤਰਨ ਅਤੇ ਉਪਰ ਦਸੇ assertive Principle ਦੇ ਕੁਝ ਤੱਤਾਂ ਦੇ ਆਪਸੀ ਸੰਮਿਸ਼ਰਣ ਦਾ ਸਾਹਿਤ ਦੇ ਯਥਾਰਥਵਾਦੀ ਸੰਕਲਪ ਨਾਲ ਭੁਲੇਖਾ ਪਾਇਆ ਗਿਆ ਹੈ। ਇਸੇ ਭੁਲੇਖੇ ਕਾਰਣ ਸੁਚੇਤ ਜਾਂ ਅਚੇਤ ਤੌਰ ਤੇ ਯਥਾਰਥਵਾਦ ਨੂੰ ਸਾਹਿਤ ਸਿਰਜਨਾ ਦਾ ਅਧਾਰ ਮੰਨਣ ਦੀ ਬਜਾਏ 'ਸਾਹਿਤ ਸਿਰਜਨਾ ਦੇ ਕਈ ਢੰਗਾਂ' ਵਿਚੋਂ ਕੇਵਲ ਇਕ ਢੰਗ' ਦੇ ਤੌਰ ਤੇ ਹੀ ਸਵੀਕਾਰ ਕੀਤਾ ਗਿਆ ਹੈ। ਪੰਜਾਬੀ ਸਾਹਿਤ ਵਿਚ ਯਥਾਰਥਵਾਦੀ ਤੱਤਾਂ ਦਾ ਜਨਮ ਸਾਡੇ ਲੋਕਾਂ ਦੀ ਅਜ਼ਾਦੀ ਲਈ ਜਦੋ-ਜਹਿਦ ਤੇ ਰੂਸੀ ਇਨਕਲਾਬ ਦੇ ਪ੍ਰਭਾਵ ਹੇਠ ਉਭਰੀ ਅਗਰਗਾਮੀ ਲਹਿਰ ਦੇ ਦੌਰਾਨ ਹੋਇਆ ਹੈ। ਪਰੰਤੂ ਸਾਡੇ ਲੇਖਕਾਂ ਦਾ ਸਮਾਜਿਕ ਅਤੇ ਰਾਜਨੀਤਕ ਕਾਰਨਾਂ ਕਰਕੇ conditioned ਹੋਇਆ ਪ੍ਰਸਪੇਕਟਿਵ ਯਥਾਰਥਵਾਦੀ ਸਾਹਿਤ ਦੇ ਬਹੁਤ ਹੀ ਸੀਮਤ ਵਿਕਾਸ ਦਾ ਕਾਰਣ ਬਣਿਆ ਤੇ ਇਨ੍ਹਾਂ ਕਾਰਣਾਂ ਨੇ ਹੀ ਬਦਲ ਰਹੇ ਯਥਾਰਥ ਵਿਚ ਇਸ ਲਹਿਰ ਨੂੰ ਵਿਕਾਸ ਦੀ ਬਜਾਏ ਨਿਘਾਰ ਦੇ ਮੋੜ ਤੇ ਲਿਆ ਖਲਾਰਿਆ। ਅਜਿਹੀ ਸਾਹਿਤਕ ਸਥਿਤੀ ਵਿਚੋਂ ਪ੍ਰਯੋਗਸ਼ੀਲ ਜਾਂ ਆਧੁਨਿਕਤਾ ਦੇ ਨਾਂ ਨਾਲ ਸੰਬੰਧਿਤ ਵਿਚਾਰਾਂ ਵਿਚ ਉਭਾਰ ਆਇਆ ਜੋ ਵਿਚਾਰਧਾਰਕ ਅਤੇ ਸੌਂਦਰਯ-ਬੋਧ ਦੇ ਪੱਧਰ ਤੇ ਡੇਕਾਡੇਂਟ ਵਿਚਾਰਾਂ ਦਾ ਹੀ ਬਦਲਿਆ ਹੋਇਆ ਰੂਪ ਸੀ ਇਨ੍ਹਾਂ ਵਿਚਾਰਾਂ ਨੇ ਵਾਦ ਦੇ ਲੇਬਲ ਤੋਂ ਬਿਨਾ ਸਮੁੱਚੇ ਪੰਜਾਬੀ ਲੇਖਕਾਂ ਦੇ ਸੰਸਾਰ-ਦ੍ਰਿਸ਼ਟੀਕੋਨ ਨੂੰ ਪ੍ਰਭਾਵਿਤ ਕੀਤਾ। ਜਿਸ ਕਾਰਣ ਪੰਜਾਬੀ ਸਾਹਿਤ ਵਿਚ ਅਗਰਗਾਮੀ ਲਹਿਰ ਦੌਰਾਨ ਪੈਦਾ ਹੋਏ ਯਥਾਰਥਵਾਦੀ ਤੱਤਾਂ ਦਾ ਵਿਕਾਸ ਰੁਕ ਗਿਆ।

ਅਜੋਕੀ ਸਥਿਤੀ ਵਿਚ ਪੰਜਾਬੀ ਸਾਹਿਤ ਹੁਣ ਫੇਰ ਇਕ ਨਵੇਂ ਮੋੜ ਉਪਰ ਹੈ ਜਿਥੇ ਇਸ ਦੇ ਪਿਛੋਕੜ ਵਿਚ ਹੀ ਵਿਰੋਧੀ ਸਾਹਿਤਕ ਝੁਕਾਆਂ ਦੀਆਂ ਸਾਹਿਤਕ ਸਮੱਸਿਆਵਾਂ ਪ੍ਰਤਿ ਮੂਲਮਣਤਾਂ ਵਿਚ ਜਦੋ-ਜਹਿਦ ਚਲਦੀ ਆ ਰਹੀ ਹੈ। ਸੋ ਸਾਡੇ ਭਵਿਖ ਵਿਚ ਰਚੇ ਜਾਣ ਵਾਲੇ ਸਾਹਿਤ ਨੂੰ ਸਾਰਥਕ ਦਿਸ਼ਾ ਪ੍ਰਦਾਨ ਕਰਨ ਲਈ ਅੱਜ 'ਯਥਾਰਥਵਾਦੀ ਸਾਹਿਤ ਦੀ ਸਿਰਜਨਾ' ਦਾ ਸਵਾਲ ਹੈ ਜੋ ਪੰਜਾਬੀ ਲੇਖਕਾਂ ਦੇ ਵਿਸ਼ੇਸ਼ ਅਤੇ ਸੁਹਿਰਦ ਧਿਆਨ ਦੀ ਮੰਗ ਕਰਦਾ ਹੈ। ਅੱਜ ਨਵੇਂ ਦੌਰ ਤੇ ਲੇਖਕਾਂ ਨੇ ਡੇਕਾਡੇਂਟ ਪ੍ਰਭਾਵ ਵਾਲੇ ਅਖੌਤੀ ਪ੍ਰਯੋਗਵਾਦੀ ਜਾਂ ਅਧੁਨਿਕਤਾਵਾਦੀ ਵਿਚਾਰਾਂ ਨੂੰ ਤਿਆਗ ਕੇ ਅਗਰਗਾਮੀ ਲਹਿਰ ਵਿਚ ਜਨਮੇ ਯਥਾਰਥਵਾਦੀ ਤੱਤਾਂ ਨੇ ਅੱਗੇ ਵਿਕਸਤ ਕਰਨਾ ਹੈ। ਅਸੀਂ ਜਿਸ ਸੰਕ੍ਰਾਂਤੀ ਕਾਲ ਵਿਚੋਂ ਗੁਜ਼ਰ ਰਹੇ ਹਾਂ ਉਸ ਵਿਚ ਤਾਂ ਯਥਾਰਥਵਾਦੀ ਸਾਹਿਤ ਸਿਰਜਨਾ ਦੀ ਮਹੱਤਤਾ ਹੋਰ ਵੀ ਵਧੇਰੇ ਹੈ। ਜਾਰਜ ਲੂਕਾਚ ਅਨੁਸਾਰ :

"Every great historical period is a period of transition, a contradictory unity of crisis and renewal, of destruction and rebirth; a new social order and a new type of man always come into being in the course of a unified though contradictory process. In such critical, transitional periods the tasks and responsibility of literature are exceptionally great. But only truly great realism can cope with such responsibilities, the accustomed, the fashionable media of expression, tend more and more to hamper literature in fulfilling the tasks impose by history...... Near in all its history did mankind so urgently require a realist literature as it does to-day."

o

## 3. ਕਰਵਟ ਉਤੇ ਕਹਾਣੀ ਗੋਸ਼ਟੀ / ਸੰਖੇਪ ਰੂਪ—

ਵਰਿਆਮ ਸਿੰਘ ਸੰਧੂ

ਸਾਹਿੱਤਕ-ਸੱਥ ਅੰਮ੍ਰਿਤਸਰ ਵਲੋਂ 15 ਜੂਨ ਨੂੰ ਓਪਨ ਏਅਰ ਥੀਏਟਰ ਅੰਮ੍ਰਿਤਸਰ ਵਿਚ ਪ੍ਰਸਿੱਧ ਕਹਾਣੀਕਾਰ ਸੁਜਾਨ ਸਿੰਘ ਦੀ ਪ੍ਰਧਾਨਗੀ ਹੇਠਾਂ ਅਜੋਕੀ ਪੰਜਾਬੀ ਕਹਾਣੀ ਦੀ ਪ੍ਰਤੀਨਿਧ ਪੁਸਤਕ 'ਕਰਵਟ' (ਸੰਪਾਦਕ : ਵਰਿਆਮ ਸਿੰਘ ਸੰਧੂ) ਉਤੇ ਇਕ ਵਿਸ਼ਾਲ ਗੋਸ਼ਟੀ ਹੋਈ। ਜਿਸ ਵਿਚ ਪੰਜਾਬ ਭਰ ਵਿਚੋਂ ਲੇਖਕਾਂ, ਪਾਠਕਾਂ ਅਤੇ

ਆਲੋਚਕਾਂ ਨੇ ਭਾਗ ਲਿਆ। ਪਿਆਰਾ ਸਿੰਘ ਭੋਗਲ, ਟੀ. ਆਰ. ਵਿਨੋਦ, ਈਸ਼ਰ ਸਿੰਘ ਅਟਾਰੀ, ਚਮਨ ਲਾਲ ਪ੍ਰਭਾਕਰ, ਜੋਗਾ ਸਿੰਘ, ਸ. ਨ. ਸੇਵਕ, ਹਮਦਰਦਵੀਰ, ਤੇਜਵੰਤ ਮਾਨ, ਹਰਪਾਲਜੀਤ ਪਾਲੀ, ਅਮਰਜੀਤ ਚੰਦਨ, ਪਾਸ਼, ਮੁਖਤਾਰ ਗਿੱਲ, ਗੁਰਦਿਆਲ ਸਿੰਘ ਨਾਵਲਕਾਰ, ਗੁਰਸ਼ਰਨ ਸਿੰਘ, ਗੁਰਚਰਨ ਸਿੰਘ ਸਹਿੰਸਰਾ, ਸਾਗਰ, ਅਤਰਜੀਤ ਆਦਿ ਸੌ ਦੇ ਲਗ ਪਗ ਵਿਦਵਾਨਾਂ ਨੇ ਭਾਗ ਲਿਆ। ਪਿਆਰਾ ਸਿੰਘ ਭੋਗਲ ਨੇ 'ਕਰਵਟ' ਬਾਰੇ ਆਪਣਾ ਪਰਚਾ ਪੜ੍ਹ ਕੇ ਬਹਿਸ ਦਾ ਅਰੰਭ ਕੀਤਾ।

**ਪਿਆਰਾ ਸਿੰਘ ਭੋਗਲ** : ਸੰਪਾਦਕ ਨੇ 'ਕਰਵਟ' ਦੀਆਂ ਕਹਾਣੀਆਂ ਦੀ ਚੋਣ ਇਕ ਵਿਸ਼ੇਸ਼ ਦ੍ਰਿਸ਼ਟੀਕੋਨ ਨੂੰ ਮੁਖ ਰਖ ਕੇ ਕੀਤੀ ਹੈ। ਅਗਾਹ ਵਧੂ ਵਿਚਾਰਾਂ ਦੀਆਂ ਇਹ ਕਹਾਣੀਆਂ ਸਮਾਜਿਕ, ਰਾਜਨੀਤਕ ਅਤੇ ਆਰਥਿਕ ਪੱਧਰਾਂ 'ਤੇ ਹੋ ਰਹੇ ਬਹੁ-ਪੱਖੀ ਜ਼ੁਲਮ ਦਾ ਜ਼ਿਕਰ ਕਰਦੀਆਂ ਉਸ ਜ਼ੁਲਮ ਪ੍ਰਤੀ ਪਾਠਕ ਦੇ ਮਨ ਵਿਚ ਨਫ਼ਰਤ ਪੈਦਾ ਕਰਦੀਆਂ ਹਨ ਅਤੇ ਇਸ ਢਾਂਚੇ ਨੂੰ ਬਦਲਣ ਦੀ ਪ੍ਰੇਰਨਾ ਦਿੰਦੀਆਂ ਹਨ। ਪੰਜਾਬੀ ਵਿਚ ਲੇਖਕ ਵੱਖ ਵੱਖ ਵਿਚਾਰਾਂ ਦੀ ਪ੍ਰਤੀਨਿਧਤਾ ਕਰਦੀਆਂ ਕਹਾਣੀਆਂ ਲਿਖ ਰਹੇ ਹਨ। ਹੁਣੇ ਹੀ 'ਸੂਰਜ ਮੁਖੀ' ਦਾ ਐਬਸਰਡ ਕਹਾਣੀ ਅੰਕ ਛਪਿਆ ਹੈ। ਜਿਸ ਦੀਆਂ ਕਹਾਣੀਆਂ ਜ਼ਿੰਦਗੀ ਪ੍ਰਤੀ ਉਸਾਰੂ ਨਜ਼ਰੀਆ ਪੇਸ਼ ਕਰਨ ਦੀ ਥਾਂ, ਪਾਠਕ ਵਿਚ ਢਾਊ ਰੁਚੀਆਂ ਪੈਦਾ ਕਰਦੀਆਂ ਹਨ। ਇੰਜ ਹੀ ਕਾਮ ਦਾ ਖੁਲ੍ਹਾ ਵਰਨਣ ਕਰਦੀਆਂ ਕਹਾਣੀਆਂ ਦਾ ਇਕ ਸੰਗ੍ਰਹਿ ਅੰਮ੍ਰਿਤਾ ਪ੍ਰੀਤਮ ਨੇ ਸੰਪਾਦਿਤ ਕੀਤਾ ਹੈ। ਇਹਨਾਂ ਦੇ ਸੰਗ੍ਰਹਿਆਂ ਦੇ ਹਵਾਲੇ ਤੋਂ ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਇਸ ਸਮੇਂ ਜਦੋਂ ਪਾਠਕਾਂ ਦੀਆਂ ਰੁਚੀਆਂ ਨੂੰ ਗਲਤ ਪਾਸੇ ਮੋੜਨ ਵਾਲਾ ਸਾਹਿਤ ਬਹੁਤ ਜ਼ਿਆਦਾ ਗਿਣਤੀ ਵਿਚ ਲਿਖਿਆ ਜਾ ਰਿਹਾ ਹੈ ਤਾਂ 'ਕਰਵਟ' ਦੀਆਂ ਕਹਾਣੀਆਂ ਵਧੀਆ ਸਿਹਤਮੰਦ ਬਦਲ ਦੇ ਰੂਪ ਵਿਚ ਸਾਹਮਣੇ ਆਉਂਦੀਆਂ ਹਨ। ਇਸ ਲਈ 'ਕਰਵਟ' ਦਾ ਸੰਪਾਦਕ ਵਧਾਈ ਦਾ ਪਾਤਰ ਹੈ। ਅਜਿਹੇ ਹੋਰ ਸੰਗ੍ਰਹਿ ਛਪਣੇ ਚਾਹੀਦੇ ਹਨ। ਪਰ ਅਜੇ ਬਹੁਤ ਸਾਰੇ ਪੰਜਾਬੀ ਕਹਾਣੀਕਾਰ ਵਿਸ਼ੇਸ਼ ਦ੍ਰਿਸ਼ਟੀਕੋਣ ਨਹੀਂ ਅਪਣਾ ਸਕੇ। ਬਹੁਤ ਸਾਰੇ ਲੇਖਕ ਫ਼ੈਸ਼ਨ ਵਜੋਂ ਵੱਖ ਵੱਖ ਕਿਸਮ ਦੇ ਪਰਚਿਆਂ ਵਿਚ ਛਪਣ ਲਈ ਵੱਖ ਵੱਖ ਤਰ੍ਹਾਂ ਦੀਆਂ ਕਹਾਣੀਆਂ ਲਿਖਦੇ ਹਨ। ਇਹ ਰੁਚੀ ਠੀਕ ਨਹੀਂ। 'ਕਰਵਟ' ਦੇ ਵੀ ਇਕ ਦੋ ਕਹਾਣੀਕਾਰ ਉਪਰੋਕਤ ਦੋਹਾਂ ਸੰਗ੍ਰਹਿਆਂ ਵਿਚ ਛਪੇ ਹਨ।

**ਈਸ਼ਰ ਸਿੰਘ ਅਟਾਰੀ** : ਪੁਸਤਕ ਦਾ ਨਾਂ 'ਕਰਵਟ' ਠੀਕ ਨਹੀਂ ਹੈ। ਕਿਉਂਕਿ ਇਹ ਕਹਾਣੀਆਂ ਅਗਾਹ ਵਧੂ ਲਹਿਰ ਦੀਆਂ ਕਹਾਣੀਆਂ ਵਾਂਗ ਨਾ ਹੀ ਅਗਰਗਾਮੀ ਹਨ ਅਤੇ ਨਾ ਹੀ ਪੰਜਾਬੀ ਕਹਾਣੀ ਨੇ ਇਨ੍ਹਾਂ ਕਹਾਣੀਆਂ ਨਾਲ ਕੋਈ ਨਵੀਂ ਕਰਵਟ ਬਦਲੀ ਹੈ। ਮੈਂ ਵਰਿਆਮ ਸੰਧੂ ਦੀ ਕਿਤਾਬ 'ਲੋਹੇ ਦੇ ਹੱਥ' ਦਾ ਰੀਵੀਊ ਕੀਤਾ ਸੀ। ਉਸ ਵਿਚ ਕਲਾ ਦੇ ਪੱਖੋਂ ਬਹੁਤ ਵਧੀਆ ਕਹਾਣੀਆਂ ਸਨ। ਪਰ 'ਕਰਵਟ' ਦੀਆਂ ਕਹਾਣੀਆਂ ਕਲਾ-ਪੱਖ ਤੋਂ ਵੀ ਕੋਈ ਵਿਸ਼ੇਸ਼ ਪ੍ਰਾਪਤੀ ਨਹੀਂ ਹਨ। ਦੋ ਤਿੰਨ ਕਹਾਣੀਆਂ ਤਾਂ ਮੋਗੇ ਦੀ ਘਟਨਾ ਬਾਰੇ ਹੀ ਲਿਖੀਆਂ ਗਈਆਂ ਹਨ। ਉਪਭਾਵੁਕ ਕਿਸਮ ਦੀਆਂ ਕਹਾਣੀਆਂ। ਮੈਂ ਇਹ ਨਹੀਂ ਕਹਿੰਦਾ ਕਿ ਅਜਿਹੀਆਂ ਘਟਨਾਵਾਂ ਬਾਰੇ ਲਿਖਣਾ ਨਹੀਂ ਚਾਹੀਦਾ। ਪਰ ਇਹ ਕੁਝ ਸਮੇਂ ਦੀ ਵਿੱਥ ਪਿੱਛੋਂ ਲਿਖਿਆ ਜਾਣਾ ਚਾਹੀਦਾ ਹੈ। ਫਿਰ ਵੀ ਇਸ ਵਿਚ 'ਖ਼ੈਬਰ ਦੇ ਪਾਰ', 'ਅਸਲੀ ਤੇ ਵੱਡੀ ਹੀਰ', 'ਤਾਮਰ-ਪੱਤਰ' ਕੁਝ ਚੰਗੀਆਂ ਕਹਾਣੀਆਂ ਹਨ। ਅਮਰਜੀਤ ਚੰਦਨ ਦੀ ਕਹਾਣੀ ਹੀਪੋਕਰੇਟ੍ਰਾਜ਼ ਹੈ। ਇਸ ਵਿਚ ਜੇਲ੍ਹ ਜੀਵਨ ਦਾ ਜ਼ਿਕਰ ਹੈ। ਇਹ ਜ਼ਿਕਰ ਵਧੀਆ ਹੈ। ਸਾਰੀ ਕਹਾਣੀ ਚੰਗੀ ਹੈ। ਪਰ ਅਖ਼ੀਰ ਵਿਚ ਜਦੋਂ ਲੇਖਕ ਜੇਲ੍ਹ ਦੀ ਡਿਉਢੀ 'ਤੇ ਝੂਲਦੇ ਤਿਰੰਗੇ ਬਾਰੇ ਪ੍ਰਸ਼ਨ ਕਰਦਾ ਹੈ ਕਿ ਕੀ ਤੁਸੀਂ ਇਸ ਝੰਡੇ ਨੂੰ ਪ੍ਰਣਾਮ ਕਰੋਗੇ ? ਤਾਂ ਸਾਰਾ ਮਜ਼ਾ ਖ਼ਰਾਬ ਹੋ ਜਾਂਦਾ ਹੈ। ਲੇਖਕ ਨੂੰ ਤਿਰੰਗੇ ਬਾਰੇ ਇੰਜ ਨਹੀਂ ਸੀ ਕਹਿਣਾ ਚਾਹੀਦਾ। ਇਹ ਗੱਲ ਕਹਾਣੀ ਦੇ ਪ੍ਰਭਾਵ ਨੂੰ ਨਸ਼ਟ ਕਰ ਦਿੰਦੀ ਹੈ। ਸਾਰੀਆਂ ਕਹਾਣੀਆਂ ਬਾਰੇ ਮੈਂ ਇਸ ਕਰਕੇ ਨਹੀਂ ਬੋਲ ਸਕਦਾ ਕਿਉਂਕਿ ਮੈਂ ਪੜ੍ਹੀਆਂ ਨਹੀਂ ਹਨ। ਬੱਸ ਵਿਚ ਆਉਂਦਿਆਂ ਹੀ ਕੁਝ ਕਹਾਣੀਆਂ ਪੜ੍ਹੀਆਂ ਸਨ, ਜਿਨ੍ਹਾਂ ਦੇ ਆਧਾਰ 'ਤੇ ਬੋਲਿਆ ਹਾਂ।

**ਪ੍ਰੋ: ਟੀ ਆਰ ਵਿਨੋਦ** ;—ਪੰਜਾਬੀ ਕਹਾਣੀ ਦੀ ਅਗਾਂਹ ਵਧੂ ਲਹਿਰ ਵੇਲੇ ਸੇਖੋਂ, ਸੁਜਾਨ ਸਿੰਘ ਹੁਰਾਂ ਨੇ ਕਹਾਣੀਆਂ ਲਿਖੀਆਂ। ਉਹਨਾਂ ਦੀਆਂ ਕਹਾਣੀਆਂ ਵਿਚ ਲਿਤੜੀ ਸ੍ਰੇਣੀ ਦੇ ਲੋਕਾਂ ਦਾ ਵਰਨਣ ਹੁੰਦਾ ਸੀ। ਪਰ ਉਹਨਾਂ ਕਹਾਣੀਆਂ ਦੇ ਪਾਤਰ ਵਿਰੋਧੀ ਜਮਾਤਾਂ ਵਲੋਂ ਆਪਣੇ ਉਤੇ ਹੁੰਦੇ ਜ਼ੁਲਮ ਦਾ ਜ਼ਿਕਰ ਕਰਦੇ ਹੋਏ ਪਾਠਕ ਤੋਂ ਆਪਣੇ ਤਰਸ ਕਰਨ ਦੀ ਮੰਗ ਕਰਦੇ ਸਨ। ਪਰ 'ਕਰਵਟ' ਦੀਆਂ ਇਹਨਾਂ ਕਹਾਣੀਆਂ ਦੇ ਪਾਤਰਾਂ ਦਾ ਸੁਭਾਅ ਸਮੂਹਕ 'ਕੱਬੇਪਣ' ਦਾ ਹੈ ਜਿਹੜਾ ਜ਼ਿੰਦਗੀ ਦੇ

ਹਰੇਕ ਮੁਹਾਜ਼ ਤੇ ਟੱਕਰ ਲੈਣ ਵਿਚੋਂ ਉਭਰਦਾ ਹੈ ਅਤੇ ਸੰਭਾਵਨਾ ਦੀ ਸੀਮਾਂ ਵਿਚ ਆਏ ਭਵਿੱਖ ਦੀ ਆਸ 'ਤੇ ਆਧਾਰਤ ਹੈ। ਇਉਂ ਇਹ ਕਹਾਣੀਆਂ ਪ੍ਰਗਤੀਵਾਦੀ ਸਾਹਿਤ ਨਾਲੋਂ ਇਸ ਗੱਲ ਵਿਚ ਵੱਖਰੀਆਂ ਹਨ ਕਿ ਇਨ੍ਹਾਂ ਵਿਚ ਮਜ਼ਲੂਮ ਨੂੰ ਵਿਦਰੋਹੀ ਬਣਾਕੇ ਪ੍ਰਸਤੁਤ ਕੀਤਾ ਗਿਆ ਹੈ। ਅਜਿਹੇ ਪਾਤਰ ਇਸ ਤੋਂ ਪਹਿਲਾਂ ਪੰਜਾਬੀ ਕਹਾਣੀ ਨੇ ਪੈਦਾ ਨਹੀਂ ਕੀਤੇ। ਇਹਨਾਂ ਕਹਾਣੀਆਂ ਨਾਲ ਸੱਚ ਹੀ ਪੰਜਾਬੀ ਕਹਾਣੀ ਨੇ ਕਰਵਟ ਬਦਲੀ ਹੈ ਅਤੇ ਇਸ ਪੁਸਤਕ ਦਾ ਨਾਂ 'ਕਰਵਟ' ਬਿਲਕੁਲ ਢੁਕਵਾਂ ਨਾਂ ਹੈ। 'ਅਤਰਜੀਤ' ਦੀ ਕਹਾਣੀ 'ਸ਼ਰਮ' ਵਿਚ ਸਮਾਜਿਕ ਸ਼ਰਮ ਪ੍ਰਤੀ ਬਦਲਦੇ ਨਵੇਂ ਰੁਖ ਨੂੰ ਵਧੀਆ ਢੰਗ ਨਾਲ ਪੇਸ਼ ਕੀਤਾ ਹੈ। ਸੰਗ੍ਰਹਿ ਦੀ ਦੂਜੀ ਵਧੀਆ ਕਹਾਣੀ 'ਅਸਲੀ ਤੇ ਵੱਡੀ ਹੀਰ' ਵਿਚ 'ਸੰਧੂ' ਨੇ ਇਨਕਲਾਬੀ ਜਮਾਤਾਂ ਵਲੋਂ ਕਮਿਊਨਿਸਟ ਪਾਰਟੀਆਂ ਦੀ ਬੇਮੁਖੀ ਦਾ ਤੇ ਆਪੋ ਵਿਚ ਜੁਬਾਂ ਦਾ ਭੇੜ ਭਿੜੀ ਜਾਣ ਦਾ ਵਧੀਆ ਵਿਅੰਗ ਕੀਤਾ ਹੈ। ਇਹ ਕਹਾਣੀਆਂ ਪੰਜਾਬੀ ਕਹਾਣੀ ਦੇ ਨਵੇਂ ਪਾਸੇ ਮੁੜਨ ਦੇ ਸਿਹਤਮੰਦ ਆਗਾਜ਼ ਦੀਆਂ ਪ੍ਰਤੀਕ ਹਨ।

**ਜੋਗਾ ਸਿੰਘ**—ਕਹਾਣੀਆਂ ਤੇ ਮੁੱਖ-ਬੰਦ ਨੂੰ ਪੜ੍ਹ ਕੇ ਪਤਾ ਚਲਦਾ ਹੈ ਕਿ ਸੰਪਾਦਕ ਨੇ ਪਹਿਲਾਂ ਹੀ ਮਿਥਿਆ ਹੋਇਆ ਹੈ ਕਿ ਇਹੋ ਜਿਹੀਆਂ ਕਹਾਣੀਆਂ ਹੀ ਇਕੱਠੀਆਂ ਕਰਨੀਆਂ ਹਨ ਤਾਂ ਕਿ ਕਵਿਤਾ ਵਾਂਗ ਕਹਾਣੀ ਨੂੰ ਵੀ ਕ੍ਰਾਂਤੀਕਾਰੀ ਦਰਸਾਇਆ ਜਾ ਸਕੇ। ਇਸ ਗੱਲ ਦੀ ਝਲਕ ਮੁੱਖ-ਬੰਦ ਵਿਚੋਂ ਪੈਂਦੀ ਹੈ। ਪਰ ਮੈਂ ਸਾਫ਼ ਕਰਦਿਆਂ ਕਿ ਸਾਹਿਤ ਕਦੀ ਵੀ ਕ੍ਰਾਂਤੀ ਨਹੀਂ ਲਿਆਉਂਦਾ ਸੰਪਾਦਕ ਨੂੰ ਸਮਝਣਾ ਚਾਹੀਦਾ ਹੈ ਕਿ ਕਹਾਣੀਆਂ ਐਡਿਟ ਕਿਵੇਂ ਕਰਨੀਆਂ ਹਨ, ਜਿਵੇਂ ਕਿ ਕਿਹਾ ਗਿਆ ਹੈ। ਨਾ ਹੀ ਇਹ ਕਹਾਣੀਆਂ ਬਹੁਤ ਵੱਡੀ ਪ੍ਰਾਪਤੀ ਹਨ।

**ਚਮਨ ਲਾਲ ਪ੍ਰਭਾਕਰ**—ਭਾਵੇਂ ਕਿ ਮੁੱਖ-ਬੰਧ ਬਹਿਸ ਦਾ ਵਿਸ਼ਾ ਨਹੀਂ, ਜਿਵੇਂ ਕਿ ਜੋਗਾ ਸਿੰਘ ਨੇ ਬਣਾਇਆ ਹੈ। ਪਰ ਮੈਂ ਉਸਦੇ ਗਿਆਤ ਲਈ ਕਹਿਣਾ ਚਾਹਾਂਗਾ ਕਿ ਸੰਪਾਦਕ ਨੇ ਕਿਤੇ ਵੀ ਇਹ ਦਾਅਵਾ ਨਹੀਂ ਕੀਤਾ ਕਿ ਉਹ ਇਹ ਕਹਾਣੀਆਂ ਲਿਖ ਕੇ ਕ੍ਰਾਂਤੀ ਲੈ ਆਵੇਗਾ। ਕਹਾਣੀ ਦੀ ਪ੍ਰਾਪਤੀ ਬਾਰੇ ਸੰਧੂ ਖੁਦ ਮੁਖ-ਬੰਧ ਵਿਚ ਲਿਖਦਾ ਹੈ.....'ਪੰਜਾਬੀ ਵਿਚ ਚੰਗੀ ਕਹਾਣੀ ਢੂੰਡਣ ਲਈ ਅਜੇ ਬੜਾ ਯਤਨ ਕਰਨਾ ਪੈਂਦਾ ਹੈ। ਇਹ ਕਹਾਣੀਆਂ ਸ਼ੁਰੂ ਹਨ — ਸਿਖਰ ਨਹੀਂ...।' ਸੋ 'ਕਰਵਟ' ਦੀਆਂ ਕਹਾਣੀਆਂ ਭਾਵੇਂ ਅਜੇ ਮੁੱਢਲੇ ਯਤਨ ਹਨ ਪਰ ਸਾਰਥਕ ਯਤਨ ਹਨ। 'ਚੰਦਨ' ਦੀ ਕਹਾਣੀ ਕੰਧਾਂ ਵਿਚ ਤਿਰੰਗੇ ਵਾਲੀ ਗੱਲ — ਜਿਹੜੀ ਅਟਾਰੀ ਨੂੰ ਬੁਰੀ ਲੱਗੀ ਹੈ — ਉਹ ਸਾਰੀ ਕਹਾਣੀ ਦੀ ਜਾਨ ਹੈ। ਕਹਾਣੀ ਦਾ ਇਹ ਅਖਰੀਲਾ ਵਾਕ ਹੀ ਸਮੁੱਚੀ ਕਹਾਣੀ ਦੇ ਖਿੰਡਰੇ ਜੁੱਸੇ ਨੂੰ ਇਕੱਠਾ ਕਰਕੇ ਮੱਥੇ ਦੀਆਂ ਨਾੜਾਂ ਨੂੰ ਕੱਸਦਾ ਹੈ ਅਤੇ ਕਹਾਣੀ ਦੇ ਸਾਰੇ ਪ੍ਰਭਾਵ ਨੂੰ ਕੇਂਦ੍ਰਿਤ ਕਰਦਾ ਹੈ ਕਿ 'ਅਜ਼ਾਦ' ਦੇਸ਼ ਦੀਆਂ ਜੇਲ੍ਹਾਂ ਜਿਥੇ ਮਨੁੱਖ ਇਸ ਤਰ੍ਹਾਂ ਦੀ ਭੈੜੀ ਜ਼ਿੰਦਗੀ ਜਿਊਣ ਲਈ ਮਜਬੂਰ ਹੈ — ਦੀ ਜ਼ਿੰਮੇਵਾਰੀ ਤਿਰੰਗੇ ਵਾਲੀ ਹਾਕਮ ਜਮਾਤ ਸਿਰ ਆਉਂਦੀ ਹੈ। ਤੇ ਇਹ ਪ੍ਰਸ਼ਨ ਤਿਰੰਗੇ ਨੂੰ ਸਲਾਮ ਕਰਨ ਜਾਂ ਨਾ ਕਰਨ ਵਾਲਾ ਪ੍ਰਸ਼ਨ, ਇਸ ਸਿਸਟਮ ਪ੍ਰਤੀ ਚੈਲਿੰਜ ਦੇ ਰੂਪ ਵਿਚ ਆਉਂਦਾ ਹੈ। 'ਅਸਲੀ ਤੇ ਵੱਡੀ ਹੀਰ' 'ਸ਼ਰਮ', ਤਾਮਰ-ਪੱਤਰ', 'ਘਰ' ਜਿਹੀਆਂ ਵਧੀਆ ਕਹਾਣੀਆਂ ਠੀਕ ਹੀ ਪੰਜਾਬੀ ਕਹਾਣੀ ਦੇ 'ਕਰਵਟ' ਬਦਲਣ ਦੀਆਂ ਸੂਚਕ ਹਨ। ਜੋ ਮੋਗੇ ਜਿਹੀ ਏਡੀ ਵੱਡੀ ਦੁਖਦਾਈ ਘਟਨਾ ਵਾਪਰਦੀ ਹੈ ਤਾਂ ਸਾਹਿਤ ਵਿਚ ਉਸਦਾ ਜ਼ਿਕਰ ਕਿਉਂ ਨਾ ਆਵੇ ? ਇਹ ਕੋਈ ਜ਼ਰੂਰੀ ਨਹੀਂ ਕਿ ਘਟਨਾ ਦੇ ਬੀਤ ਪਿਛੋਂ ਦੇਰ ਬਾਦ ਹੀ ਉਸ ਬਾਰੇ ਲਿਖਿਆ ਜਾਵੇ।

**ਹਮਦਰਦ ਵੀਰ :**—ਜਿਵੇਂ 'ਸੁਰਦਲ' ਵਿਚ ਛਪਿਆ ਸੀ 'ਕਰਵਟ' ਦੇ ਹਵਾਲੇ ਨਾਲ ਪੰਜਾਬੀ ਕਹਾਣੀ ਤੇ ਗੋਸ਼ਟੀ ਹੋਈ ਸੀ। ਪਰ ਹੁਣ ਤੱਕ ਬਹਿਸ ਕੇਵਲ 'ਕਰਵਟ' ਤੱਕ ਹੀ ਸੀਮਤ ਰਹੀ ਹੈ। 'ਕਰਵਟ' ਵਿਚ ਛਪੇ ਕਹਾਣੀਕਾਰਾਂ ਬਾਰੇ ਇਹ ਵੀ ਜਾਨਣਾ ਪਏਗਾ ਕਿ ਇਹਨਾਂ ਦੀ ਕੀ ਪ੍ਰਾਪਤੀ ਹੈ ਤੇ ਇਹਨਾਂ ਤੋਂ ਅੱਗੇ ਹੋਰ ਕੀ ਆਸ ਹੈ ?

**ਅਜੀਤ ਸਿੰਘ ਪੱਤੋ :**—ਅੱਜ ਦੀ ਬਹਿਸ ਤੋਂ ਮੈਂ ਸਿੱਟਾ ਕੱਢਿਆ ਹੈ ਕਿ ਕਿ ਸਾਨੂੰ ਲੇਖਕਾਂ ਨੂੰ ਖੁਦ ਗੋਸ਼ਟੀਆਂ ਕਰਨੀਆਂ ਚਾਹੀਦੀਆਂ ਹਨ ਅਤੇ ਖੁਦ ਵਿਚਾਰ ਪੇਸ਼ ਕਰਨੇ ਚਾਹੀਦੇ ਹਨ। ਇਹਨਾਂ ਆਲੋਚਕਾਂ ਨੂੰ ਬਿਲਕੁਲ ਮੀਟਿੰਗਾਂ ਵਿਚ ਨਹੀਂ ਸਦਿਆ ਜਾਣਾ ਚਾਹੀਦਾ। ਸਾਨੂੰ ਅਜਿਹੇ ਆਲੋਚਕਾਂ ਦੀ ਲੋੜ ਨਹੀਂ ਜਿਹੜੇ ਬਿਨਾ ਕਿਤਾਬ ਪੜ੍ਹਿਆਂ ਅਲੋਚਨਾ ਕਰੀ ਜਾਂਦੇ ਹਨ ਤੇ ਇਹ ਵੀ ਕਹਿੰਦੇ ਹਨ ਕਿ ਕਹਾਣੀ ਨੇ ਕਰਵਟ ਨਹੀਂ ਬਦਲੀ। ਕਹਾਣੀ ਅਗਰਗਾਮੀ ਨਹੀਂ। ਜਸਵੰਤ ਵਿਰਦੀ ਦੀ ਕਹਾਣੀ, ਜਿਸ ਵਿਚ ਸਾਰੀ ਉਮਰ ਲੋਕਾਂ ਦੇ ਘਰ ਬਨਾਉਣ ਵਾਲਾ ਕਾਰੀਗਰ ਜਦੋਂ ਆਪਣਾ ਘਰ ਬਣਾਉਂਦਾ ਹੈ ਤਾਂ ਸਰਕਾਰੀ ਅਮਲੇ ਵਾਲੇ ਆਕੇ ਉਸਦਾ ਘਰ ਢਾਹ ਜਾਂਦੇ ਹਨ। ਉਹ ਫਿਰ ਉਸਾਰਦਾ ਹੈ। ਉਹ ਫਿਰ ਢਾਹ ਜਾਂਦੇ ਹਨ। ਅਖੀਰ

ਵਿਚ ਇੱਟਾਂ ਨੂੰ ਇਕੱਠਿਆਂ ਕਰਦਾ ਉਹ ਕਹਿੰਦਾ ਹੈ, '.... ਲੱਖ ਇਹ ਲੋਕ ਸਾਡੇ ਘਰ ਢਾਹ ਲੈਣ ਮੈਂ ਵੀ ਬਣਾਕੇ ਰਹਾਂਗਾ ਤੇ ਅਸੀਂ ਵੀ ਵੱਸਾਂ ਰਸਾਂਗੇ ਇਸ ਧਰਤੀ ਉਪਰ ਹੀ.... ਇੰਜ ਕਹਾਣੀ ਦੱਸਦੀ ਹੈ ਕਿ ਆਦਮੀ ਮਾਰਿਆਂ ਜਾ ਜਾ ਸਕਦਾ ਹੈ ਹਰਾਇਆਂ ਨਹੀਂ ਜਾ ਸਕਦਾ। ਕੀ ਇਹ ਕਹਾਣੀ ਅੰਗਰਗਾਮੀ ਨਹੀਂ ? — ਇਥੇ ਹੀ ਮੈਂ ਆਪਣੀ ਕਹਾਣੀ ਸ਼ਰਕਾਰੀਆਂ ਦਾ ਜ਼ਿਕਰ ਕਰਾਂਗਾ। ਜਿਸਦਾ ਪਾਤਰ ਸੂਬੇਦਾਰ ਇਕ ਰੀਟਾਇਰਡ ਫੌਜੀ ਹੈ, ਜਿਹੜਾ ਵੇਲੇ ਦੀ ਹਕੂਮਤ ਦਾ ਹਮੇਸ਼ਾਂ ਵਫ਼ਾਦਾਰ ਰਿਹਾ ਹੈ। ਪਰ ਜਦੋਂ ਸਰਕਾਰ ਉਸ ਦੇ ਪੁੱਤਰ ਨੂੰ ਗੋਲੀ ਮਾਰਦੀ ਹੈ ਤਾਂ ਉਹਦੇ ਅੰਦਰ ਅੱਗ ਮਚ ਉਠਦੀ ਹੈ। ਉਹ ਜਾਰਜ ਪੰਜਮ ਤੋਂ ਲੈ ਕੇ ਹੁਣ ਤੱਕ ਦੇ ਲੀਡਰਾਂ ਦੀਆਂ ਫੋਟੋ ਲਾਹ ਕੇ ਸਾੜ ਸੁੱਟਦਾ ਹੈ। ਕੀ ਇਹ ਕਹਾਣੀ ਅਗਰਗਾਮੀ ਨਹੀਂ ? ਮੈਂ ਅੱਜ ਦੀ ਮੀਟਿੰਗ ਤੋਂ ਕਸਮ ਖਾਂਦਾ ਹਾਂ ਕਿ ਜਿਥੇ ਇਹੋ ਜਿਹੇ ਬੇ-ਪੜ੍ਹੇ ਆਲੋਚਕ ਜਾਣਗੇ ਮੈਂ ਕਦੀ ਨਹੀਂ ਜਾਵਾਂਗਾ।

**ਸ. ਨ ਸੇਵਕ** :— 'ਕਰਵਟ' ਪੜ੍ਹਨ ਤੋਂ ਪਹਿਲਾਂ ਮੈਨੂੰ ਡਰ ਸੀ ਕਿ ਵਰਿਆਮ ਸੰਧੂ ਨੇ 'ਲੋਹੇ ਦੇ ਹੱਥ' ਵਰਗੀਆਂ ਹੀ ਸਾਰੀਆਂ ਕਹਾਣੀਆਂ ਨਾ ਐਡਿਟ ਕਰ ਦਿੱਤੀਆਂ ਹੋਣ, ਪਰ ਕਹਾਣੀਆਂ ਪੜ੍ਹਕੇ ਮੈਨੂੰ ਨਿਰਾਸ਼ਾ ਨਹੀਂ ਹੋਈ। ਉਸਦੀ ਚੋਣ ਵਧੀਆ ਹੈ। ਫਿਰ ਵੀ 'ਕਰਵਟ' ਦੀਆਂ ਬਹੁਤੀਆਂ ਕਹਾਣੀਆਂ ਹਨ, ਜਿਹਨਾਂ ਨੂੰ ਪੜ੍ਹਦਿਆਂ ੨ ਪਾਠਕ ਸੰਤੁਸ਼ਟ ਤਾਂ ਮਹਿਸੂਸ ਕਰਨ ਲੱਗ ਪੈਂਦਾ ਹੈ ਤੇ ਕਹਾਣੀ ਪੜ੍ਹਕੇ ਸੰਤੁਸ਼ਟ ਹੋ ਜਾਂਦਾ ਹੈ। ਕਹਾਣੀ ਅਜਿਹੀ ਹੋਣੀ ਚਾਹੀਦੀ ਹੈ ਜਿਹੜੀ ਪੜ੍ਹਿਆਂ ਮਨ ਵਿਚ ਬੇਚੈਨੀ ਪੈਦਾ ਹੋਵੇ। ਪ੍ਰੇਮ ਗੋਰਖੀ ਆਪਣੀ ਕਿਸੇ ਨਾ ਕਿਸੇ ਕਹਾਣੀ ਵਿਚ ਕਿਸੇ ਨਾ ਕਿਸੇ ਦਾ ਜ਼ਿਕਰ ਜ਼ਰੂਰ ਪਾਉਂਦਾ ਹੈ। ਉਸਨੂੰ ਆਪਣਾ ਇਹ ਟਰੈਂਡ ਬਦਲਣਾ ਚਾਹੀਦਾ ਹੈ। ਵਰਿਆਮ ਸੰਧੂ ਨੇ ਆਪਣੀ ਕਹਾਣੀ ਵਿਚ ਗੱਲ ਤਾਂ ਵਧੀਆ ਲਈ ਹੈ, ਪਰ ਉਹ ਰਮੇਸ਼ ਉਪਾਧਿਆਏ ਦੀ ਇਹੋ ਜਿਹੀ ਸਮੱਸਿਆ ਤੇ ਹੀ ਲਿਖੀ ਕਹਾਣੀ ਵਰਗੀ ਗੱਲ ਨਹੀਂ ਬਣਾ ਸਕਿਆ।

**ਹਰਪਾਲਜੀਤ ਪਾਲੀ** :—ਅਟਾਰੀ ਜਿਹੇ ਸੱਜਣ ਜਿਹੜੇ ਬਸ ਵਿਚ ਬਹਿਕੇ ਕਹਾਣੀਆਂ ਪੜ੍ਹਦੇ ਹਨ। ਉਹ ਨਾ ਹੀ ਲੇਖਕ ਨਾਲ ਨਾ ਹੀ ਆਪਣੇ ਆਪ ਨਾਲ ਤੇ ਨਾ ਹੀ ਅਲੋਚਕਾਂ ਨਾਲ ਇਨਸਾਫ਼ ਕਰ ਸਕਦੇ ਹਨ। ਮੈਂ ਅਜਿਹੀਆਂ ਵਧੀਆ ਕਹਾਣੀਆਂ ਨੂੰ ਪੁਸਤਕ ਰੂਪ ਵਿਚ ਲਿਆ ਕੇ ਪੜ੍ਹਨ ਲਈ ਦੇਣ ਕਰਕੇ ਸੰਪਾਦਕ ਨੂੰ ਵਧਾਈ ਦਿੰਦਾ ਹਾਂ।

**ਸੁਜਾਨ ਸਿੰਘ** :- ਵਰਿਆਮ ਸੰਧੂ ਪੱਖ ਪਾਤੀ ਲੇਖਕ ਹੈ। ਲੇਖਕ ਨੂੰ ਪੱਖ ਪਾਤੀ ਹੋਣਾ ਚਾਹੀਦਾ ਹੈ ਤੇ ਉਹ ਹੁੰਦਾ ਵੀ ਹੈ। ਸੰਧੂ ਉਸ ਪੱਖ ਵਿਚ ਖਲੋਂਦਾ ਹੈ ਜਿਸ ਪੱਖ ਵਿਚ ਮੈਂ ਅਤੇ ਮੇਰੇ ਵੇਲੇ ਦੀ ਅਗਾਂਹ ਵਧੂ ਲਹਿਰ ਦੇ ਲੇਖਕ ਖੜੋਤੇ ਸਨ। ਲਿਤਾੜੀਆਂ ਜਾ ਰਹੀਆਂ ਸ਼੍ਰੇਣੀਆਂ ਦੇ ਪੱਖ ਵਿਚ। ਇਸ ਲਈ ਕਹਾਣੀਆਂ ਦੀ ਚੋਣ ਕਰਦਿਆਂ ਸੰਪਾਦਕ ਨੇ ਇਸ ਪੱਖ ਨੂੰ ਸਾਹਮਣੇ ਤਾਂ ਰੱਖਣਾ ਹੀ ਸੀ। ਕਿਉਂ ਕਿ ਉਹ ਕਿਸੇ ਵਿਸ਼ੇਸ਼ ਮਕਸਦ ਦੀਆਂ ਕਹਾਣੀਆਂ ਪਾਠਕਾਂ ਸਾਹਮਣੇ ਲਿਆਉਣਾ ਚਾਹੁੰਦਾ ਸੀ। ਮੈਂ ਜੋਗਾ ਸਿੰਘ ਦੀ ਏਨੀ ਗੱਲ ਨਾਲ ਤਾਂ ਸਹਿਮਤ ਹਾਂ ਕਿ ਸਾਹਿਤ ਖੁਦ ਕ੍ਰਾਂਤੀ ਨਹੀਂ ਲਿਆਉਂਦਾ। ਪਰ ਬਈ ਸਾਹਿਤ ਕ੍ਰਾਂਤੀ ਲਿਆਉਣ ਲਈ ਸਹਾਈ ਤਾਂ ਹੋ ਸਕਦਾ ਹੈ। ਪਾਣੀ ਦੇ ਭਾਫ ਬਣਨ ਤੱਕ ਵਿਚਕਾਰਲੀ ਗਰਮੀ ਪੈਦਾ ਕਰਨ ਦਾ ਰੋਲ ਤਾਂ ਅਦਾ ਕਰ ਸਕਦਾ ਹੈ। ਚੇਤੰਨਤਾ ਪੈਦਾ ਕਰਨ ਵਾਲਾ ਰੋਲ। ਇਸਨੂੰ ਅਸੀਂ ਕਦੀ ਵੀ ਅੱਖੋਂ ਪਰੋਖੇ ਨਹੀਂ ਕਰ ਸਕਦੇ ਕਿ ਸਾਹਿਤ ਲੋਕਾਂ ਨੂੰ ਹਲੂਣਦਾ ਹੈ, ਚੇਤੰਨ ਕਰਦਾ ਹੈ 'ਕਰਵਟ' ਦੀਆਂ ਕਹਾਣੀਆਂ ਪੜ੍ਹਕੇ ਮੈਂ ਇਸ ਸਿੱਟੇ ਤੇ ਪੁਜਾ ਹਾਂ ਕਿ ਇਹ ਬਹੁਤ ਵਧੀਆ ਕਹਾਣੀਆਂ ਹਨ। ਕੁਝ ਕਹਾਣੀਆਂ ਤਾਂ ਬਹੁਤ ਉੱਚ ਪਾਏ ਦੀਆਂ ਹਨ। ਇਥੇ ਮੈਂ ਪ੍ਰੋ. ਵਿਨੋਦ ਦੀ ਇਸ ਗੱਲ ਨਾਲ ਸਹਿਮਤ ਹਾਂ ਕਿ ਸਾਡੇ ਵੇਲੇ ਦੀ ਅਗਾਹ ਵਧੂ ਕਹਾਣੀ ਦੇ ਪਾਤਰ ਠੀਕ ਹੀ ਆਪਣੇ ਲਈ ਤਰਸ ਦੀ ਮੰਗ ਕਰਦੇ ਸਨ, ਵਿਚਾਰੇ ਬਣਕੇ। ਪਰ ਇਹਨਾਂ ਕਹਾਣੀਆਂ ਦੇ ਪਾਤਰਾਂ ਵਿਚ ਅਜੋਕੇ ਪ੍ਰਬੰਧ ਵਿਰੁੱਧ ਨਫ਼ਰਤ ਹੈ, ਰੋਹ ਹੈ ਤੇ ਉਹ ਇਹਨੂੰ ਬਦਲਣ ਲਈ ਤੱਤਪਰ ਹਨ। ਮੈਨੂੰ ਇਹ ਮੰਨਦਿਆਂ ਝਿਜਕ ਨਹੀਂ ਕਿ ਇਹ ਸਾਥੋਂ ਅੱਗੇ ਦੀਆਂ ਕਹਾਣੀਆਂ ਹਨ। ਅਜਿਹੇ ਹੋਰ ਸੰਗ੍ਰਹਿ ਛਪਣੇ ਚਾਹੀਦੇ ਹਨ।

—ਇਸ ਤੋਂ ਪਿਛੋਂ ਪਿਆਰਾ ਸਿੰਘ ਭੋਗਲ ਨੇ ਬਹਿਸ ਵਿਚ ਉਠੇ ਨੁਕਤਿਆਂ ਤੇ ਆਪਣੇ ਵਿਚਾਰ ਪੇਸ਼ ਕੀਤੇ। ਅੰਤ ਵਿਚ ਸਾਹਿਤਕ ਸੱਥ ਵਲੋਂ ਸਕੱਤਰ ਵਰਿਆਮ ਸਿੰਘ ਸੰਧੂ ਨੇ ਬਾਹਰੋਂ ਆਏ ਲੇਖਕਾਂ, ਆਲੋਚਕਾਂ ਅਤੇ ਪਾਠਕਾਂ ਦਾ ਧੰਨਵਾਦ ਕੀਤਾ। o

**4. ਸੁਲਘਦੇ ਅਹਿਸਾਸ ਬਾਰੇ** / ਬੀ.ਐਸ. ਗਿੱਲ

ਡਾ: ਦੁਸਾਂਝ ਵਲੋਂ ਇਕਬਾਲ ਰਾਮੂਵਾਲੀਆ ਦੀ ਪੁਸਤਕ 'ਸੁਲਘਦੇ ਅਹਿਸਾਸ' ਬਾਰੇ ਦਿੱਤੇ ਹੋਏ ਵਿਚਾਰ ਮੈਨੂੰ ਉਲਾਰ ਜਿਹੇ ਨਜ਼ਰ ਆਏ ਹਨ। ਦੁਸਾਂਝ ਸਾਹਿਬ

ਇਨ੍ਹਾਂ ਕਵਿਤਾਵਾਂ ਨੂੰ ਕਰਾਂਤੀਕਾਰੀ ਘੇਰੇ ਵਿਚੋਂ ਕੱਢ ਕੇ ਨਾ ਤਾਂ ਕਵਿਤਾਵਾਂ ਨਾਲ ਤੇ ਨਾ ਹੀ ਪਾਠਕਾਂ ਨਾਲ ਇਨਸਾਫ ਕਰਦੇ ਹਨ। ਉਹ ਸ਼ਾਇਦ ਕਵਿਤਾ ਵਿਚ ਬੰਬ, ਬੰਦੂਕਾਂ, ਤਲਵਾਰਾਂ ਦੇ ਜ਼ਿਕਰ ਨੂੰ ਹੀ ਕਰਾਂਤੀ ਨਾਲ ਜੋੜਦੇ ਹਨ ਤੇ ਪ੍ਰਚੱਲਤ jargon ਨੂੰ ਹੀ ਕ੍ਰਾਂਤੀਕਾਰੀ ਸਾਹਿਤ ਮੰਨਦੇ ਹਨ। ਪਰੰਤੂ ਸਾਹਿਤਕਾਰ ਦੀ ਵਡੱਪਣਤਾ ਇਸ ਗੱਲ ਵਿਚ ਹੁੰਦੀ ਹੈ ਕਿ ਉਹ ਆਪਣੇ ਸਟਾਈਲ ਵਿਚ ਵਿਲੱਖਣਤਾ ਲਿਆ ਸਕੇ। ਇਕਬਾਲ ਦੀ ਵਿਲੱਖਣਤਾ ਇਸ ਗੱਲ ਵਿਚ ਹੈ ਕਿ ਉਹ ਨਾਹਰੇਬਾਜ਼ੀ ਤੋਂ ਉੱਚਾ ਉੱਠ ਕੇ ਵਰਤਮਾਨ ਸਥਿਤੀਆਂ ਨੂੰ ਸਮਝਦਾ ਹੋਇਆ ਕ੍ਰਾਂਤੀ ਦੀ ਗੱਲ ਕਰਦਾ ਹੈ। ਉਸ ਨੂੰ ਲੋਕਾਂ ਨਾਲ ਗਿਲਾ ਹੈ ਕਿ ਉਹ ਆਰਥਕ ਲੁੱਟ ਕਰਨ ਵਾਲੀ ਸ਼੍ਰੇਣੀ ਦੇ ਦੰਭ ਅਤੇ ਫਰੇਬ ਨੂੰ ਨਹੀਂ ਸਮਝਦੇ। ਉਹ ਲੋਕਾਂ ਨੂੰ ਸੰਘਰਸ਼ ਵਲ ਉਨ੍ਹਾਂ ਦੀ ਬੇਰੁਖੀ ਤੋਂ ਚੇਤੰਨ ਕਰਵਾਉਂਦਾ ਹੈ। ਉਸ ਦੀ ਪਹੁੰਚ ਬੜੀ ਹੀ ਯਥਾਰਥਕ ਅਤੇ ਉਸਾਰੂ ਹੈ। ਅਸੀਂ ਇਸ ਗੱਲ ਤੋਂ ਮੁਨਕਰ ਨਹੀਂ ਹੋ ਸਕਦੇ ਕਿ ਆਰਥਕ ਸੰਕਟ ਦੀ ਚੱਕੀ ਵਿਚ ਪਿੱਸ ਰਹੀ 'ਜਨਤਾ', ਗਰੀਬੀ, ਮਹਿੰਗਾਈ ਅਤੇ ਬੇਰੁਜ਼ਗਾਰੀ ਵਿਚ ਪੀੜੇ ਹੋਏ ਲੋਕ, ਉਸ ਸ਼ਿੱਦਤ ਨਾਲ ਸੰਘਰਸ਼-ਸ਼ੀਲ ਨਹੀਂ ਹੋਏ। ਜੇਕਰ ਕੋਈ ਕਵੀ ਵਰਤਮਾਨ ਸੰਘਰਸ਼ ਦੀ ਗਤੀ ਨੂੰ Magnify ਕਰਦਾ ਹੈ ਤਾਂ ਅਸੀਂ ਇਸ ਨੂੰ ਕਰਾਂਤੀਕਾਰੀ ਰੁਮਾਂਸੀਕਰਣ ਕਹਾਂਗੇ। ਜਿਹੜੇ ਅਖੌਤੀ ਨਿਰਾਸ਼ਾਵਾਦ ਦੇ ਦੋਸ਼ ਡਾ: ਦੁਸਾਂਝ ਨੇ ਇਕਬਾਲ ਉੱਪਰ ਲਾਏ ਹਨ ਉਹ ਤਾਂ ਫਿਰ ਉਦਾਸੀ ਉਤੇ ਵੀ ਲੱਗਣਗੇ, ਜਦੋਂ ਉਹ ਕਹਿੰਦਾ ਹੈ :

ਚਰ੍ਹੀ ਵਿਚ ਵੜ ਤੋਤੇ ਠੂੰਗਦੇ ਨੇ ਮੱਕੀਆਂ।
ਪਤਾ ਨਹੀਂ ਰਾਖਿਆਂ ਗੁਲੇਲਾਂ ਕਿਥੇ ਰੱਖੀਆਂ।

ਜਿਵੇਂ ਉਪਰਲੀਆਂ ਲਾਈਨਾਂ ਵਿਚ ਉਦਾਸੀ ਨੂੰ ਲੋਕਾਂ ਉਪਰ ਗਿਲਾ ਹੈ। ਇਸੇ ਹੀ ਤਰ੍ਹਾਂ ਇਕਬਾਲ ਰਾਮੂਵਾਲੀਆ ਵੀ ਜਨਤਾ ਉਪਰ, ਜਬਰ, ਜ਼ੁਲਮ ਦੇ ਹੇਠ ਵੀ ਠਰ੍ਹੇ ਰਹਿਣ ਦੇ ਲਈ, ਸ਼ਿਕਵਾ ਕਰਦਾ ਹੈ। ਕਵੀ ਤਾਂ ਕਰਾਂਤੀ ਲਈ ਪੂਰਾ ਸੁਹਿਰਦ ਹੈ :

ਖਲੜੀਆਂ ਦੇ ਕਰ ਲਵਾਂਗੇ ਤੌਲੀਏ,
ਪੂੰਝ ਦੇਣਾ ਉਚੜਿਆ ਮੁੱਖ ਖਲਕਦਾ।
ਜਦ ਪਸੀਨਾ ਜਾਮ ਵਿਚ ਹੁੰਦਾ ਕਤਲ,
ਨੇਤਰੀਂ ਲੱਗ ਪਿਘਲ ਕੇ ਛਲਕਦਾ।

ਡਾ: ਦੁਸਾਂਝ ਨੇ ਕਵੀ ਨੂੰ ਕੇਵਲ ਰਾਜਨੀਤਕ ਤੌਰ ਤੇ ਹੀ ਪਰਖਿਆ ਹੈ। ਉਸ ਦੀ ਕਵਿਤਾ ਦਾ ਕਲਾ ਪੱਖ ਡਾਕਟਰ ਸਾਹਿਬ ਨੇ ਉੱਕਾ ਹੀ ਨਜ਼ਰ-ਅੰਦਾਜ਼ ਕਰ ਦਿਤਾ ਹੈ। ਮੇਰੇ ਖਿਆਲਾਂ ਵਿਚ 'ਸੁਲਘਦੇ ਅਹਿਸਾਸ' ਦੇ ਕਵੀ ਵਲੋਂ ਵਰਤੇ ਗਏ ਸੱਜਰੇ ਬਿੰਬ, ਅਣਛੋਹੇ ਪ੍ਰਤੀਕ ਅਤੇ ਸਮੁੱਚੀ ਮੌਲਕਤਾ ਅੱਜ ਦੇ ਕਰਾਂਤੀਕਾਰੀ ਕਵੀਆਂ ਵਿਚੋਂ ਦੋ ਚਾਰ ਕਵੀਆਂ ਦੇ ਪੱਲੇ ਹੀ ਆਈ ਹੈ। ਚੰਗਾ ਹੁੰਦਾ ਜੇ ਡਾਕਟਰ ਸਾਹਿਬ ਕਲਾ ਪੱਖ ਦਾ ਵੀ ਡੂੰਘਾ ਵਿਸ਼ਲੇਸ਼ਣ ਕਰਦੇ। ਮੇਰੇ ਖਿਆਲ ਵਿਚ ਇਹ ਪੁਸਤਕ ਕਰਾਂਤੀਕਾਰੀ ਲਹਿਰ ਦੀਆਂ ਥੋੜੀਆਂ ਠੋਸ ਪ੍ਰਾਪਤੀਆਂ ਵਿਚੋਂ ਇਕ ਹੈ।

o

**ਸ਼ਿਵ ਦੇ ਸੰਦਰਭ ਵਿਚ** / ਸੁਰਿੰਦਰ ਕਾਹਲੋਂ

ਸੋਗ ਸਭਾ ਤੋਂ ਪਰਤ ਰਹੇ ਸਾਂ ਜਦ ਸਤੇਂਦਰ ਘੁੰਮਣ ਅਤੇ ਕੁਝ ਕਾਦਿਆਨੀ ਕਵੀਆਂ ਵਿਚ ਗਰਮਾ ਗਰਮੀ ਹੋ ਪਈ। ਇਕ ਬੰਨਾ ਕਹਿ ਰਿਹਾ ਸੀ ਸ਼ਿਵ ਮਹਾਨ ਦੋਸਤ, ਮਹਾਨ ਸ਼ਾਇਰ ਤੇ ਮਹਾਨ ਮਹਾਨ......ਹੀ ਸੀ, ਦੂਜਾ ਬੰਨਾ ਕਹਿ ਰਿਹਾ ਸੀ ਉਹ ਚੰਗਾ ਸ਼ਾਇਰ ਜ਼ਰੂਰ ਸੀ ਪਰ ਚੰਗਾ ਆਦਮੀ ਨਹੀਂ ਸੀ। ਕਾਦਿਆਨੀ ਕਵੀ ਇਹ ਸੁਣਨ ਲਈ ਵੀ ਤਿਆਰ ਨਹੀਂ ਸਨ। ਮੈਂ ਵੇਖ ਰਿਹਾ ਸੀ ਇਕ ਪੱਖ ਚੁੰਧਿਆਇਆ ਹੋਇਆ ਹੈ ਤੇ ਦੂਜਾ ਸਮਤੋਲ ਕਾਇਮ ਰੱਖਣ ਦੇ ਯਤਨ ਵਿਚ ਹੈ। ਦੂਜੇ ਬੰਨੇ ਦੇ ਸਮਤੋਲ ਰਹਿਣ ਦੀ ਗੱਲ ਮੈਂ ਇਸ ਲਈ ਕਰ ਰਿਹਾਂ ਕਿਉਂਕਿ ਉਸ ਸ਼ਿਵ ਦੀਆਂ ਚੰਗਿਆਈਆਂ ਤੇ ਬੁਰਿਆਈਆਂ ਦੋਹਾਂ ਨੂੰ ਸਾਹਮਣੇ ਰੱਖਿਆ ਹੈ। ਸਾਡੇ ਦੇਸ਼ ਵਿਚ ਕੁਝ ਕਬਰ ਪੂਜ ਲੋਕ ਕਿਸੇ ਦੇ ਅੱਖਾਂ ਮੀਟ ਜਾਣ ਤੇ ਉਸ ਦੀਆਂ ਚੰਗਿਆਈਆਂ (ਬਦੋਬਦੀ ਖਿੰਦੋ ਦੀ ਆਖਰੀ ਲੀਰ ਤੱਕ ਫੋਲ ਕੇ) ਦਾ ਹੀ ਜ਼ਿਕਰ ਕਰਦੇ ਨਜ਼ਰ ਆਉਂਦੇ ਹਨ। ਪਰ ਇਹ ਲੋਕ ਨਿਆਈਂ ਨਹੀਂ ਅਖਵਾ ਸਕਦੇ ਸਗੋਂ ਅੰਨਿਆਈਂ ਹੀ ਕਹੇ ਜਾਣਗੇ। ਲੋੜ ਸਿਰਫ ਸਹੀ ਮੁੱਲ ਅੰਕਣ ਦੀ ਹੋ ਸਕਦੀ ਹੈ, ਕਿਉਂਕਿ ਸਿਰਫ ਇਸੇ ਨੂੰ ਹੀ ਪੰਧਾਊ ਕਹਿ ਸਕਦੇ ਹਾਂ। ਇਹ ਸਹੀ ਮੁੱਲ-ਅੰਕਣ ਹੀ ਵਿਛੜ ਗਏ ਨੂੰ ਸਹੀ ਸ਼ਰਧਾਂਜਲੀ ਕਹੀ ਜਾਣੀ ਚਾਹੀਦੀ ਹੈ ਜਾਂ ਹੋ ਸਕਦੀ ਹੈ। ਸਿਰਫ ਕਹਿਣ ਲਈ ਕੁਝ ਲੋਕ ਇਸ ਨੂੰ ਉਪਦੇਸ਼ਕ ਹੋਣਾ ਜਾਂ ਇਸ ਤੋਂ ਵੀ ਅਗੇ ਜਾ ਕੇ ਪਰਚਾਰਕ ਹੋਣਾ ਵੀ ਕਹਿ ਸਕਦੇ ਹਨ ਪਰ ਇਸ ਵਿਚ ਸ਼ੱਕ ਦੀ ਗੁੰਜਾਇਸ਼ ਨਹੀਂ ਕਿ ਕਿਸੇ ਦੇ ਵਿਛੜ ਜਾਣ ਤੇ ਉਸਦਾ ਠੀਕ ਲੇਖਾ ਜੋਖਾ ਕਰਨਾ ਉਸਦੇ ਵਰਗ ਜਾਂ ਆਮ ਆਦਮੀ ਦੋਹਾਂ ਲਈ ਇਕ ਸੇਧ ਸਥਾਪਨਾ ਹੁੰਦਾ ਹੈ ਤਾਂ ਕਿ ਵਰਤਮਾਨ ਅਤੇ ਭਵਿਖ ਵਿਚ ਉਹ ਵਰਗ

ਜਾਂ ਆਮ ਆਦਮੀ ਉਸ ਨਾਲ ਸਿੱਧਾ ਸਬੰਧ ਜੋੜ ਸਕੇ, ਅੱਗੇ ਤੁਰ ਸਕੇ ਅਤੇ ਸਹੀ ਦਿਸ਼ਾ ਵਿਚ ਅੱਗੇ ਤੁਰ ਸਕੇ। ਇਸੇ ਸੰਦਰਭ ਵਿਚ ਸ਼ਿਵ ਦਾ ਵਿਛੜਨਾ ਲਿਆ ਜਾਣਾ ਚਾਹੀਦਾ ਹੈ। ਉਸ ਨੂੰ ਨਿਰਾ ਮਹਾਨ ਮਹਾਨ ਕਹੀ ਜਾਣ ਨਾਲ ਕੋਈ ਪ੍ਰਾਪਤੀ ਨਹੀਂ ਹੋ ਸਕਦੀ ਅਤੇ ਫਿਰ ਇਹਨਾਂ ਹੀ ਕਾਦਿਆਨੀ ਕਵੀਆਂ ਚੋਂ ਇਕ ਬਾਰੇ ਮੈਂ ਸੁਣਿਆ ਹੈ ਕਿ ਸ਼ਿਵ ਦੇ ਅੰਤਲੇ ਦਿਨਾਂ ਵਿਚ ਵੀ ਉਸ ਨਾਲ ਸ਼ਰਾਬ ਪੀ ਆਇਆ ਸੀ ਜਦੋਂ ਕਿ ਸ਼ਰਾਬ ਦੀ ਬੂੰਦ ਵੀ ਉਸ ਲਈ ਮਹੁਰੇ ਦਾ ਸਮੁੰਦਰ ਸੀ। ਹੁਣ ਉਹਨਾਂ ਤੇ ਕਈ ਹੋਰ ਅਜਿਹੇ ਲੋਕਾਂ ਦਾ ਉਸ ਨੂੰ ਉਪਰੋਕਤ ਇਕੋ ਵਿਸ਼ੇਸ਼ਣ ਨਾਲ ਯਾਦ ਕਰਨਾ ਕਿੰਨਾ ਕੁ ਅਰਥ ਭਰਪੂਰ ਰਹਿ ਜਾਂਦਾ ਹੈ। ਜਦ ਪਹਿਲਾਂ ਵੀ ਤੇ ਅੰਤਲੇ ਦਿਨੀਂ ਵੀ ਉਸ ਨਾਲ ਇਹ ਵਿਹਾਰ ਜਾਰੀ ਰੱਖਿਆ ਗਿਆ।

ਗਲਤ ਰਾਹਨੁਮਾਈ ਕਰਨ ਵਾਲੇ ਅਲੋਚਕਾਂ ਵਲ ਵੀ ਧਿਆਨ ਜਾਣੋਂ ਨਹੀਂ ਰਹਿੰਦਾ। ਕਿਸੇ ਕਵੀ ਜਾਂ ਕਲਾਕਾਰ ਨੂੰ ਉਸ ਦੇ ਵਿਅਕਤੀਤਵ+ਰਚਨਾ=ਇਕ ਸਮੂਹ ਵਜੋਂ ਜਾਣਿਆ ਜਾਣਾ ਚਾਹੀਦਾ ਹੈ। ਇਸਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿ ਰਚਨਾ ਵਿਅਕਤੀਤਵ ਦਾ ਹੀ ਇਕ ਪਰਤੌ ਹੁੰਦੀ ਹੈ ਅਤੇ ਇਹ ਵਿਅਕਤੀਤਵ ਇਕ ਸਮਾਜ ਵਿਚ ਪ੍ਰਵਾਨ ਚੜ੍ਹਦਾ ਹੈ ਜਿਸ ਵਲ ਕਵੀ ਜਾਂ ਕਲਾਕਾਰ ਦੀ ਪੂਰਨ ਜ਼ਿੰਮੇਵਾਰੀ ਬਣਦੀ ਹੈ। ਇਹ ਜੋ ਸਿਰਫ ਰਚਨਾ ਦੀ ਹੀ ਗੱਲ ਕਰਦੇ ਹਨ ਤੇ ਕਲਾਕਾਰ ਦੇ ਵਿਅਕਤੀਤਵ ਨੂੰ ਧਿਆਨ ਵਿਚ ਨਹੀਂ ਲਿਆਉਣ ਦੇਣਾ ਚਾਹੁੰਦੇ (ਉਸ ਦੇ ਵਿਅਕਤਕ ਐਬਾਂ ਨੂੰ ਦਸਣਾ ਗੰਦ ਫੋਲਣਾ ਕਹਿੰਦੇ ਹਨ) ਇਹ ਸਹੀ ਰਾਹਨੁਮਾਈ ਜਾਂ ਅਲੋਚਨਾ ਨਹੀਂ ਕਰ ਰਹੇ। ਇਹ ਕਲਾਕਾਰ ਨੂੰ ਇਕ ਅਸਧਾਰਨਤਾ ਦੇ ਚੱਕਰ ਵਿਚ ਉਲਝਾ ਕੇ ਉਸ ਦੀ ਸਮਾਜਕ ਜ਼ਿੰਮੇਵਾਰੀ ਤੋਂ ਉਸ ਨੂੰ ਲਾਂਭੇ ਲੈ ਜਾਣ ਵਿਚ ਮਦਦ ਕਰਦੇ ਹਨ। ਸਾਡੇ ਸਮੇਂ ਦੇ ਕਲਾਕਾਰ ਨੂੰ ਇਕ ਆਦਮੀ ਦੀਆਂ ਤਕਲੀਫ਼ਾਂ ਤੇ ਤਰਜ਼ਾਂ ਚੋਂ ਗੁਜ਼ਰ ਕੇ ਨਾਲ ਨਾਲ ਕਲਾਕਾਰ ਹੋਣਾ ਹੈ ਨਿਰੀ ਨਿਪੁੰਸ ਅਸਧਾਰਨਤਾ ਦੇ ਸੁਆਮੀ ਨਹੀਂ ਹੋਣਾ ਹੈ। ਜਿਵੇਂ ਸ਼ਿਵ ਦੇ ਵਿਅਕਤਕ ਐਬਾਂ ਵਿਚ ਇਕ ਸ਼ਰਾਬ ਹੈ, ਜੇ ਉਪਰੋਕਤ ਧਾਰਾ ਦੇ ਰਾਹਨੁਮਾਵਾਂ ਦੇ ਆਖੇ ਇਸ ਨੂੰ ਭੁਲਾ ਕੇ ਵੇਖਦੇ ਜਾਈਏ, ਦੁਖਾਂਤ ਵਾਪਰਦੇ ਰਹਿਣਗੇ। ਕੋਈ ਨ ਕੋਈ ਮਿਹਰਬਾਨ ਤੇ ਪੂਜਾ ਮਹਿਫਰ ਅਤੇ ਕੋਈ ਅਰੁਣ ਵਿਧਵਾ ਹੁੰਦੀ ਰਹੇਗੀ। ਇਸ ਲਈ ਇਹਨਾਂ ਐਬਾਂ ਦੀ ਚਰਚਾ ਨੂੰ ਵੱਖ ਨਹੀਂ ਕੀਤਾ ਜਾ ਸਕਦਾ ਸਗੋਂ ਕਲਾਕਾਰ ਨੂੰ ਸਹੀ ਸੰਦ੍ਰਿਸ਼ ਵਿਚ ਰੱਖਕੇ ਵਿਚਾਰਿਆ ਜਾਣਾ ਬੜੀ ਵਡੀ ਲੋੜ ਹੈ। ਕੁਝ ਨੇੜ ਬੁਧੀਏ ਇਹ ਵੀ ਕਹਿ ਸਕਦੇ ਹਨ ਕਿ ਕੀ ਏਨੇ ਪੈਸੇ ਜੋ ਇਕੱਠੇ ਹੋਏ ਉਹਨਾਂ ਲਈ ਘੱਟ ਹਨ? ਮਾਮਲਾ ਦੂਰਦਰਸ਼ਤਾ ਮੰਗਦਾ ਹੈ। ਜ਼ਰਾ ਸੋਚੋ ਪੈਸਿਆਂ ਦੀ ਕੀਮਤ ਇਕ ਪਿਤਾ ਅਤੇ ਇਕ ਪਤੀ ਦੇ ਮੁਕਾਬਲੇ ਕਿੰਨੀ ਕੁ ਹੋ ਸਕਦੀ ਹੈ?

ਅਗਲੀ ਗੱਲ ਉਸ ਦੀ ਕਿਰਤ ਬਾਰੇ ਕਰਨੀ ਚਾਹੁੰਦਾ ਹਾਂ। ਉਹ ਇਕ ਕਵੀ ਸੀ (ਸ਼ਬਦ ਇਕ ਸੱਚਾ ਤੇ ਸੁੱਚਾ) ਇਸ ਸੱਚ ਤੱਥ ਨੂੰ ਜਿੰਨਾ ਵੀ ਜ਼ੋਰ ਲਾ ਕੇ ਆਖੀਏ, ਘੱਟ ਹੋਵੇਗਾ। ਉਸ ਦੀ ਕਲਮ ਤੋਂ ਜੋ ਵੀ ਆਇਆ ਕਾਵਿ ਹੀ ਕਾਵਿ ਹੈ। ਜਦ ਉਸ ਦੇ ਵਸਤੂ ਦੀ ਗੱਲ ਤੁਰਦੀ ਹੈ ਤਾਂ ਥਿੜਕਣ ਮਹਿਸੂਸ ਹੋਣ ਲਗਦੀ ਹੈ। ਆਪਣੀਆਂ ਅੰਤਲੀਆਂ ਕਵਿਤਾਵਾਂ (ਕਿਤੇ ਕਿਤੇ ਪਹਿਲਾਂ ਵੀ) ਵਿਚ ਉਸ ਆਪਣਾ ਝੁਕਾਅ ਕੁਝ ਬਦਲਿਆ ਜ਼ਰੂਰ ਹੈ, ਪਰ ਇਸ ਨਾਲ ਉਸ ਦਾ ਸਮੁਚਾ ਪ੍ਰਭਾਵ ਨਹੀਂ ਬਦਲ ਸਕਿਆ। ਉਸ ਦੀ ਕਵਿਤਾ ਭਾਰਤੀ ਕਾਵਿ ਸ਼ਾਸਤਰ ਅਨੁਸਾਰ ਰਤਿ ਦੀ ਕਵਿਤਾ ਹੈ ਅਤੇ ਇਸਦੇ ਵੀ ਇਕ ਪੱਖ ਵਿਯੋਗ ਜਾਂ ਉਸ ਦੇ ਮਸ਼ਹੂਰ ਸ਼ਬਦ ਬਿਰਹਾ ਬਾਰੇ ਹੈ। ਇਸ ਤੋਂ ਉਹ ਮੌਤ ਤਕ ਪਹੁੰਚਦਾ ਹੈ। ਅਸਲ ਵਿਚ ਗੀਤ ਅਤੇ ਰੋਹ ਰੋਜ਼ੀ ਦੀ ਰਚਨਾ ਵਿਚ ਵਿਰੋਧੀ ਦਿਸ਼ਾਵਾਂ ਵਾਲੇ ਪਾਂਧੀਆਂ ਦਾ ਅੰਤਰ ਹੈ। ਕੁਝ ਮਿੱਤਰ ਇਹ ਕਹਿ ਕੇ ਆਪਣੇ ਆਪ ਨੂੰ ਸੰਤੁਸ਼ਟ ਕਰਦੇ ਹਨ ਕਿ ਉਸ ਨੇ ਕਲਾ ਦੇ ਅਧੀਨ ਰਹਿ ਕੇ ਰੋਹ ਰੋਜ਼ੀ ਲਈ ਲਿਖਿਆ ਹੈ ਅਤੇ ਉਹ 'ਸ਼ੀਸ਼ੇ' ਜਾਂ 'ਲੋਹੇ ਦਾ ਸ਼ਹਿਰ' ਆਦਿ ਕਵਿਤਾਵਾਂ ਦਾ ਉਦਾਹਰਣ ਲੈ ਬੈਠਦੇ ਹਨ। ਇਹ ਮਿੱਤਰ ਕਹਿੰਦੇ ਹਨ, ਉਹ ਕਲਾਕਾਰ ਸੀ, ਪ੍ਰਚਾਰਕ ਜਾਂ ਢੰਡੋਰਚੀ ਨਹੀਂ ਸੀ, ਉਸ ਨੇ ਕਲਾ-ਅਧੀਨ ਰਹਿ ਕੇ ਮਹਾਨਤਾ ਦੀ ਪ੍ਰਾਪਤੀ ਕੀਤੀ ਹੈ। ਇਹ ਮਿੱਤਰ ਵੀ ਉਸ ਲਈ ਮਹਾਨਤਾ ਤੋਂ ਕੁਝ ਘੱਟ ਸਵੀਕਾਰ ਨਹੀਂ ਕਰਦੇ, ਪਰ ਮੁਸ਼ਕਲ ਇਹ ਹੈ ਕਿ ਤੱਥ ਆਤਮਕ ਅਧਿਐਨ ਵਿਚ ਕੁਝ ਹੋਰ ਸਿੱਟੇ ਦੇਣ ਵਿਚ ਸਫਲ ਨਹੀਂ ਹੋ ਸਕਣਗੇ ਅਰਥਾਤ ਉਸ ਦੀ ਕਵਿਤਾ, ਕਵਿਤਾ ਰਹਿੰਦੀ ਹੋਈ ਵੀ ਮੂਲ ਸੁਰ ਵਿਚ ਜਾਂ ਅੰਦਾਜ਼ ਤੇ ਅਸਰ ਵਿਚ ਨਿਘਾਰੂ ਹੈ, ਉਸਾਰੂ ਨਹੀਂ। ਉਸ ਦਾ ਗਲਤ ਮੁਲ-ਅੰਕਣ ਉਸ ਨਾਲ, ਆਪਣੇ ਆਪ ਨਾਲ ਅਤੇ ਆਉਣ ਵਾਲੀਆਂ ਪੀੜ੍ਹੀਆਂ ਨਾਲ ਧੋਖਾ ਹੈ। ਜਿਵੇਂ ਭਾਈ ਵੀਰ ਸਿੰਘ ਦੇ ਹੱਕ ਵਿਚ ਸਾਰੇ ਸਰਕਾਰੀ ਅਦਾਰੇ ਸਮੇਤ ਵਿਸ਼ਵ-ਵਿਦਿਆਲਿਆਂ ਦੇ ਜਿੰਨਾ ਮਰਜ਼ੀ ਆਵੇ ਲਿਖਦੀ ਯਤਨ

ਕਰਾਉਣ, ਪਰਚਾਰ ਕਰਨ, ਉਸ ਨੂੰ ਭਾਂਜਵਾਦੀ ਤੇ ਆਪਣੇ ਵੇਲੇ ਦੇ ਹਾਲਾਤ ਨਾਲੋਂ ਟੁਟਿਆ ਕਵੀ ਹੀ ਕਿਹਾ ਜਾਂਦਾ ਰਹੇਗਾ। ਸ਼ਿਵ ਪੰਜਾਬ ਦਾ ਸ਼ਾਇਰ ਸੀ। ਪੰਜਾਬ ਉਸ ਦੀ ਸਤਰ ਸਤਰ ਵਿਚ ਡਲ੍ਹਕਦਾ ਹੈ, ਡੁਲ੍ਹ ਡੁਲ੍ਹ ਪੈਂਦਾ ਹੈ। ਉਸ ਨੇ ਦੁਖੀ ਨਾਰੀ ਦੀ ਵੇਦਨ ਨੂੰ ਜੀਭ ਦਿਤੀ ਤੇ ਇਹ ਕੋਈ ਛੋਟੀ ਗੱਲ ਨਹੀਂ, ਪਰ ਉਸ ਦੀ ਕਵਿਤਾ ਵਿਚ ਸਮਾਜਕ ਉਤਰਦਾਈਤਵ ਏਨਾ ਹੀ ਹੈ, ਜਿੰਨੀ ਕੁ ਨੰਦੇ ਦੇ ਨਾਟਕਾਂ ਆਉਂਦੀ ਨਵੀਂ ਪੀੜ੍ਹੀ ਦੇ ਪਾਤਰ ਪੁਰਾਣੀ ਪੀੜ੍ਹੀ ਦੇ ਪਾਤਰਾਂ ਦੇ ਖਿਲਾਫ ਜਾਂਦੀ ਹੋਈ ਬਗਾਵਤ ਕਰਦੀ ਹੈ ਤੇ ਉਪਨਿਆਸ ਦੇ ਖੇਤਰ ਵਿਚ ਨਾਨਕ ਸਿੰਘ ਦੇ ਉਪਨਿਆਸਾਂ ਵਿਚਲੇ ਕਮਿਊਨਿਸਟ ਪਾਤਰ ਕਰਾਂਤੀ ਕਰਦੇ ਹਨ। ਸ਼ਿਵ ਤਾਂ ਮੈਨੂੰ ਕਿਧਰੇ ਏਦੂੰ ਵੀ ਘਟ ਲਗਦਾ ਹੈ।

ਆਪਣੇ ਅਖੀਰਲੇ ਦਿਨੀਂ ਉਹ ਸੂਰਜ ਚੁਰਾਹੇ ਬਾਲਣ ਵਲ ਆ ਰਿਹਾ ਸੀ। ਮੇਰਾ ਪੁਨਰ ਜਨਮ ਵਿਚ ਨਹੁੰ ਭਰ ਵੀ ਵਿਸ਼ਵਾਸ ਨਹੀਂ, ਫਿਰ ਵੀ ਮੇਰਾ ਕਹਿਣ ਨੂੰ ਜੀਅ ਕਰੇਦਾ ਹੈ, ਜੇ ਇਹੋ ਜਿਹਾ ਕੁਝ ਹੁੰਦਾ ਹੋਵੇ ਤਾਂ ਸ਼ਿਵ ਨਾਲ ਜ਼ਰੂਰ ਹੋ ਜਾਵੇ, ਪਰ ਉਹ ਹੁਣ ਵਾਲਾ ਸ਼ਰਾਬ ਨਾਲ ਜੁੜਿਆ ਸ਼ਿਵ ਨਾ ਹੋਵੇ। ਉਹ ਮੁੜ ਆਵੇ ਤੇ ਜਿਥੇ ਕੰਮ ਛੱਡ ਗਿਆ ਹੈ ਉਥੋਂ ਅੱਗੇ ਤੁਰੇ, ਸੂਰਜ ਚੁਰਾਹੇ ਬਾਲ ਦੇਵੇ, ਹਿੰਦੁਸਤਾਨ ਅਵਾਜ਼ ਨੂੰ ਆਪਣੀ ਹੇਕ ਨਾਲ ਬੁਲੰਦ ਕਰ ਦੇਵੇ, ਹੱਥਕੜੀਆਂ ਦੇ ਜੰਗਲ ਵਿਚ ਖਲੋ ਜਾਵੇ, ਇਕ ਵਰਗ ਨਾਲ ਚੱਲਣ ਲਈ ਉਤਾਵਲਾ ਖੜਾ ਹੈ। ਫਿਰ ਸ਼ੀਸ਼ੋ ਉਸ ਘਰ ਜੰਮਿਆ ਕਰੇਗੀ, ਜਿਸ ਘਰੋਂ ਕਦੇ ਦਾਣੇ ਨਾ ਮੁੱਕਣ।

ਸੁੱਚੀ ਕਵਿਤਾ ਦੀ ਯਾਦ ਵਿਚ—ਬੰਦਨਾ......

o

## ਕੇਂਦਰੀ ਪੰਜਾਬੀ ਲੇਖਕ ਸਭਾ : ਭਰਮ ਤੇ ਯਥਾਰਥ

—ਸ.ਨ. ਸੇਵਕ

'ਸਰਦਲ' ਦੇ ਮਈ ਅੰਕ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ ਡਾ: ਦੁਸਾਂਝ ਦੀ ਇਕ ਚਿੱਠੀ ਛਪੀ ਹੈ ਜਿਸ ਵਿਚ ਬਹੁਤੀਆਂ ਗੱਲਾਂ ਅਸਪੱਸ਼ਟ ਰਹਿ ਗਈਆਂ ਹਨ। ਉਨ੍ਹਾਂ ਜ਼ਿਆਦਾ ਜ਼ੋਰ ਇਹ ਸਿੱਧ ਕਰਨ ਤੇ ਲਾਇਆ ਹੈ ਕਿ 6 ਜੂਨ, 1971 ਨੂੰ (ਜਲੰਧਰ ਵਿਚ) ਮੁੜ ਸੁਰਜੀਤ ਹੋਈ ਕੇਂਦਰੀ ਸਭਾ ਮੂਲ ਰੂਪ ਵਿਚ ਕੇਂਦਰੀ ਸਭਾ ਹੈ ਅਤੇ 8 ਅਗਸਤ 1971 ਨੂੰ ਅੰਮ੍ਰਿਤਸਰ ਵਿਚ 'ਕੁਝ ਲੇਖਕਾਂ' ਨੇ ਪੁਰਾਣੇ ਵਿਧਾਨ ਅਨੁਸਾਰ ਚੋਣ ਕਰ ਕੇ ਦੂਸਰੀ ਕੇਂਦਰੀ ਲੇਖਕ ਸਭਾ ਦਾ ਮੁੱਢ ਬੰਨ੍ਹ ਦਿਤਾ। ਉਹਨਾਂ ਅਨੁਸਾਰ ਇਸ ਸਭਾ ਨੇ ਆਪਣੇ ਨਾਂ ਪਿਛੇ ਰਜਿਸਟਰਡ ਸ਼ਬਦ ਟੰਗ ਲਿਆ। ਸ਼ਾਇਦ ਇਸ ਦੇ ਪ੍ਰਤੀਕਰਮ ਵਜੋਂ 6 ਜੂਨ ਨੂੰ ਬਣੀ ਕੇਂਦਰੀ ਸਭਾ ਦੇ ਸੰਚਾਲਕਾਂ ਨੇ ਅਨ-ਰਜਿਸਟ੍ਰਡ ਸ਼ਬਦ ਲਾ ਲਿਆ (ਭਾਵੇਂ ਰਜਿਸਟਰਡ ਹੋਣ ਦਾ ਯਤਨ ਉਹਨਾਂ ਵੀ ਕੀਤਾ ਸੀ। ਉਂਝ ਵਖਰੇਵੇਂ ਲਈ ਇਹ ਵਿਸ਼ੇਸ਼ਣ ਸਹਾਈ ਹਨ। ਡਾ: ਦੁਸਾਂਝ ਨੇ ਪੰਜਾਬੀ ਸਾਹਿਤ ਸਭਾ ਲੁਧਿਆਣਾ ਰਾਹੀਂ ਹੋਈਆਂ ਏਕੀਕਰਨ ਦੀਆਂ ਕੋਸ਼ਿਸ਼ਾਂ ਦਾ ਹਵਾਲਾ ਵੀ ਦਿਤਾ ਹੈ, ਪਰ ਗੱਲ ਸਪੱਸ਼ਟ ਨਹੀਂ ਹੋਈ। ਇਸ ਸੰਬੰਧ ਵਿਚ ਮੈਂ ਹੇਠ ਲਿਖੇ ਤੱਥ ਪਾਠਕਾਂ ਤੇ ਵਿਸ਼ੇਸ਼ ਕਰ ਪੰਜਾਬੀ ਲੇਖਕਾਂ ਦੇ ਧਿਆਨ ਵਿਚ ਲਿਆਉਣਾ ਚਾਹਾਂਗਾ :

1—ਜਲੰਧਰ ਵਿਚ 6 ਜੂਨ, 1971 ਨੂੰ ਹੋਈ ਬੈਠਕ 'ਚੋਂ ਕੁਝ ਲੇਖਕ ਇਸ ਲਈ ਉਠ ਕੇ ਚਲੇ ਗਏ ਸਨ, ਕਿਉਂਕਿ ਉਹ ਉਸ ਬੈਠਕ ਨੂੰ ਵਿਧਾਨਕ ਢੰਗ ਨਾਲ ਸੱਦੀ ਹੋਈ ਬੈਠਕ ਨਹੀਂ ਸਨ ਮੰਨਦੇ। ਉਹ ਚਾਹੁੰਦੇ ਸਨ ਕਿ ਵਿਧਾਨਕ ਢੰਗ ਨਾਲ ਸਾਰੇ ਮੈਂਬਰ ਲੇਖਕਾਂ ਨੂੰ ਸੱਦ ਕੇ ਵਿਧਾਨ ਵਿਚ ਤਬਦੀਲੀਆਂ ਵੀ ਕਰ ਲਈਆਂ ਜਾਣ ਤੇ ਚੋਣ ਵੀ। ਉਸ ਬੈਠਕ ਦੀ ਬਹੁ-ਸੰਮਤੀ ਇਸ ਗੱਲ ਨੂੰ ਨਹੀਂ ਸੀ ਮੰਨਦੀ ਅਤੇ ਸਾਰਾ ਵਾਤਾਵਰਨ ਭਾਵੁਕ ਤੇ ਤਣਾਉ-ਭਰਪੂਰ ਸੀ ਤੇ ਕੋਈ ਵੀ ਧਿਰ ਸਮਝੌਤੇ ਲਈ ਤਿਆਰ ਨਹੀਂ ਸੀ। ਇਸ ਲਈ ਕੇਂਦਰੀ ਸਭਾ ਦੋ ਹਿੱਸਿਆਂ ਵਿਚ ਵੰਡੀ ਗਈ। ਮੈਂ 6 ਜੂਨ 1971 ਨੂੰ ਬਣੀ ਸਭਾ ਨੂੰ ਨਵੀਂ ਤੇ 8 ਅਗਸਤ 1971 ਦੀ ਚੋਣ ਵਾਲੀ ਸਭਾ ਨੂੰ ਪੁਰਾਣੀ ਸਮਝਦਾ ਹਾਂ। ਇਸ ਬਾਰੇ ਭੁਲੇਖਾ ਪਾ ਕੇ ਆਪਣੇ ਆਪ ਨੂੰ ਪੁਰਾਣੀ ਸਭਾ ਦਾ ਮੂਲ ਰੂਪ ਸਮਝਣਾ ਕਿੰਨਾ ਕੁ ਠੀਕ ਹੈ ਅਤੇ ਕਿੰਨਾ ਕੁ ਲਾਭਦਾਇਕ ?

2—ਕੇਂਦਰੀ ਪੰਜਾਬੀ ਲੇਖਕ ਸਭਾ ਵਿਚ ਫੁਟ ਦਾ ਮੁਖ ਕਾਰਨ ਰਾਜਸੀ ਹੈ। ਰਜਿਸਟਰਡ ਸਭਾ ਤੇ ਸੀ.ਪੀ. ਆਈ. ਤੇ ਖੁਲ੍ਹੀ ਸੋਚਣੀ ਦੇ ਲੇਖਕਾਂ ਦਾ ਗ਼ਲਬਾ ਹੈ ਤੇ ਅਨ-ਰਜਿਸਟਰਡ ਸਭਾ ਅਤੇ ਸੀ.ਪੀ.ਐਮ. ਤੇ ਐਮ. ਐਲ. ਵਿਚਾਰਧਾਰਾ ਦੇ ਲੇਖਕਾਂ ਦਾ। ਦੋਵਾਂ ਪਾਸਿਆਂ ਵਿਚ ਸੁਹਿਰਦ ਲੇਖਕ ਵੀ ਹਨ ਤੇ ਅਸਰਵਾਦੀ ਵੀ। ਦੋਵਾਂ ਪਾਸਿਆਂ ਦੇ ਸੁਹਿਰਦ ਲੇਖਕ ਪੰਜਾਬੀ ਲੇਖਕਾਂ ਦੇ ਇਕ ਸਾਂਝੇ ਸੰਗਠਨ ਦੇ ਹਾਮੀ ਹਨ ਅਤੇ ਦੋਹਾਂ ਪਾਸਿਆਂ ਦੇ ਅਵਸਰ-ਵਾਦੀ ਲੇਖਕ ਅਜਿਹਾ ਨਹੀਂ ਹੋਣ ਦਿੰਦੇ। ਕਿਉਂਕਿ ਪੰਜਾਬੀ ਲੇਖਕਾਂ ਦੀਆਂ ਬਹੁਤੀਆਂ ਸਮੱਸਿਆਵਾਂ ਸਾਂਝੀਆਂ ਹਨ ਤੇ ਕਈ ਸਾਹਿੱਤਕ ਮਸਲੇ ਵੀ ਲੇਖਕਾਂ ਦੇ ਸੰਗਠਨ ਨਾਲ ਹੀ ਹੱਲ ਹੋ ਸਕਦੇ ਹਨ, ਦੋਹਾਂ ਕੇਂਦਰੀ ਲੇਖਕ ਸਭਾਵਾਂ ਦਾ ਏਕੀਕਰਨ ਜ਼ਰੂਰੀ ਹੈ। ਇਹ ਅਜੇ ਵੀ ਮੁਮਕਿਨ ਹੋ ਸਕਦਾ ਹੈ ਜੇ ਸਾਰੇ ਸੁਹਿਰਦ ਲੇਖਕ ਇਸ ਲਈ ਰਲ ਕੇ ਹੰਭਲਾ ਮਾਰਨ। (ਚਲਦਾ)

# ਬਲਰਾਜ ਸਾਹਨੀ ਯਾਦਗਾਰ ਘਰੇਲੂ ਪੁਸਤਕਸ਼ਾਲਾ

## ਨਾਵਲ

| | ਸਫ਼ੇ |
|---|---|
| ਚਾਬੀ ਵਾਲੇ ਖਿਡੌਣੇ — ਜਸਬੀਰ ਭੁਲਰ | 84 |
| ਇਕ ਸੁਪਨਾ ਇਕ ਸਵਾਲ — ਮਨਮੋਹਣ ਸੰਧੂ | 88 |
| ਅੱਗ ਦੇ ਬੀਜ — ਮਿਤਰ ਸੈਨ ਮੀਤ | 104 |
| ਬਿਸ਼ਨੀ — ਬਸੰਤ ਕੁਮਾਰ ਰਤਨ | 160 |
| ਰੇਤ ਛੱਲ — ਨਰਿੰਜਨ ਤਸਨੀਮ | 210 |
| ਧੂੜ ਉਡਦੀ ਰਹੀ — ਬਲਬੀਰ ਸਿੰਘ ਸੰਧੂ | 464 |
| ਨਵਾਂ ਦਰ — ਮੁਖਵੰਤ ਸਿੰਘ ਸੰਧੂ | 125 |
| ਚੇਤਰ — ਮਨਜਿੰਦਰ ਹੰਸਪਾਲ | 108 |
| ਗਪੌੜ ਸੰਖ — (ਬਾਲ ਨਾਵਲ) ਬਲਰਾਜ ਸਾਹਨੀ | 56 |
| ਕੋਈ ਹਰਿਆ ਬੂਟ ਰਹਿਓ ਰੀ — ਨਾਨਕ ਸਿੰਘ | 352 |
| ਆਦਮ ਖੋਰ — ਨਾਨਕ ਸਿੰਘ | 324 |
| ਮੇਰੀ ਦੁਨੀਯਾ — ਨਾਨਕ ਸਿੰਘ | 312 |
| ਹਨੇਰਾ ਹੋਣ ਤਕ — ਨਰਿੰਜਨ ਤਸਨੀਮ | 242 |
| ਵਾਟ ਹਮਾਰੀ — ਦਲੀਪ ਕੌਰ ਟਿਵਾਣਾ | 132 |
| ਸੂਰਜ ਤੇ ਸਮੁੰਦਰ — ਦਲੀਪ ਕੌਰ ਟਿਵਾਣਾ | 128 |
| ਬਰਫ਼ ਦੀ ਅੱਗ — ਜਸਵੰਤ ਸਿੰਘ ਕੰਵਲ | 216 |
| ਭਵਾਨੀ — ਜਸਵੰਤ ਸਿੰਘ ਕੰਵਲ | 176 |
| ਹਾਣੀ — ਜਸਵੰਤ ਸਿੰਘ ਕੰਵਲ | 192 |
| ਮੜੀ ਦਾ ਦੀਵਾ — ਗੁਰਦਿਆਲ ਸਿੰਘ | 139 |
| ਪਵਿੱਤਰ ਪਾਪੀ — ਨਾਨਕ ਸਿੰਘ | 144 |
| ਸੁਰਖਾਬ ਦੇ ਪਰ — ਗੁਰਮੁਖ ਸਿੰਘ ਜੀਤ | 128 |
| ਤਰੀਖ ਵੇਖਦੀ ਹੈ — ਜਸਵੰਤ ਸਿੰਘ ਕੰਵਲ | 128 |
| ਮਾਂ — ਗੋਰਕੀ | 440 |

## ਕਹਾਣੀ ਸੰਗ੍ਰਹਿ

| | |
|---|---|
| ਦਾਬ — ਮਹਿੰਦਰਜੀਤ ਪ੍ਰਸ਼ਾਂਤ | 76 |
| ਧੁੱਖਦੇ ਚਿਹਰੇ — ਨਛੱਤਰ ਸਿੰਘ | 88 |
| ਕਰਵੱਟ — ਵਰਿਆਮ ਸੰਧੂ | 108 |
| ਤਰਕਸ਼ — ਇਕੱਠੀਆਂ ਕਹਾਣੀਆਂ | 138 |
| ਮਿੱਟੀ ਰੰਗੇ ਲੋਕ — ਪ੍ਰੇਮ ਗੋਰਖੀ | 88 |
| ਅਣਗੌਲੇ ਆਦਮੀ — ਗੁਰਮੇਲ ਮਡਾਹੜ | 80 |
| ਆਖਰੀ ਚੂੜੀਆਂ — ਮੁਖਤਿਆਰ ਗਿੱਲ | 104 |
| ਹਯਾਤੀ ਨਾਲੋਂ ਟੁਟੀ ਕੁੜੀ — ਬੀਬਾ ਕੁਲਵੰਤ | 76 |
| ਕਲੀਆਂ ਕਾਰੀਆਂ — ਸੁਖਬੀਰ | 100 |
| ਹੁੰਗਾਰਾ ਕੌਣ ਭਰੇ — ਗੁਰਦੇਵ ਜੈਦਿਕਾ | 130 |
| ਭਾਂਬੜ — ਕੰਵਲ ਵਿਧਰੋਹੀ | 87 |
| ਨਾਇਕ ਦੀ ਖੋਜ — ਜੁਗਿੰਦਰ ਸਿੰਘ ਨਿਗਲ | 88 |
| ਰੁੱਤ ਆਵੇ ਰੁੱਤ ਜਾਵੇ — ਹਰਪਾਲ ਲੱਖੀਆ | 112 |
| ਦਿਸ਼ਾ ਹੀਣ ਲੋਕ — ਦਵਿੰਦਰ ਦੀਦਾਰ | 100 |
| ਕਣਕ ਦਾ ਬੁਕ — ਸ-ਤਰਸੇਮ | 88 |

## ਲਿਖਤਾਂ ਭਗਤ ਸਿੰਘ (ਖਤ)

ਕੀਮਤ 1-50

## ਕਵਿਤਾ

| | |
|---|---|
| ਅਰੰਭ — ਸੰਪਾਦਿਕ ਮੋਹਣਜੀਤ | 96 |
| ਅਸੀਂ ਜੀਊਂਦੇ ਅਸੀਂ ਜਾਗਦੇ — ਜਸਵੰਤ ਕੈਲਵੀ | 135 |
| ਕੱਚੀ ਮਿੱਟੀ ਦੇ ਬੌਣੇ — ਫਤਿਹ ਜੀਤ | 92 |
| ਵਿਸ਼ਵਾਸ ਦਾ ਰੰਗ — ਜਸਵੰਤ ਕੈਲਵੀ | 128 |
| ਦੂਧੀਆਂ ਲੋਆਂ ਦੇਣਾ — ਸੁਰਿੰਦਰ ਕਾਹਲੋਂ | 32 |
| ਸੱਪਾਂ ਦੇ ਰੰਗ — ਵਰਿਆਮ ਅਸਰ | 120 |
| ਸੜਕਾਂ ਵਾਂਗ ਮਨੁੱਖ — ਵਰਿਆਮ ਅਸਰ | 80 |
| ਗਮਾਂ ਦੀ ਆਰਜ਼ਾ — ਹਰਨਾਮ ਸਿੰਘ ਨਾਜ਼ | 64 |
| ਰੰਗ ਹਸੇ ਰੰਗ ਰੋਏ — ਸਰਵਣ ਰਾਹੀ | 96 |
| ਵਸੀਅਤ — ਬਲਬੀਰ ਸਿੰਘ ਸੰਧੂ | 170 |
| ਸੁਲਘਦੇ ਅਹਿਸਾਸ — ਇਕਬਾਲ ਰਾਮੂਵਾਲੀਆ | 64 |
| ਸੀਸ ਤਲੀ ਤੇ — ਸੰਤ ਸੰਧੂ | 64 |
| ਉਡਦੇ ਬਾਜ਼ਾਂ ਮਗਰ — ਪਾਸ਼ | 80 |
| ਸੰਗੀ ਸਾਥੀ — ਦਰਸ਼ਨ ਖਟਕੜ | 120 |
| ਆਪਣੀ ਕੈਦ ਵਿਚ ਰਾਵਣ ਕੈਦ — ਤੁਲੀ | 48 |
| ਲੱਪ ਚਿਣਗਾਂ ਦੀ — ਓਮ ਪ੍ਰਕਾਸ਼ ਸ਼ਰਮਾ | 64 |
| ਸੀਮਾਂ ਤੋਂ ਅਵਾਜ਼ — ਜਗਜੀਤ ਰਿਆੜ | 64 |

1 ਕਿਤਾਬਾਂ 75 ਸਫ਼ੇ ਪ੍ਰਤੀ ਇਕ ਰੁਪਿਆ ਦੇ ਹਿਸਾਬ ਸਾਡੇ ਕੋਲੋਂ ਮੰਗਵਾਈਆਂ ਜਾ ਸਕਦੀਆਂ ਹਨ।

2. ਦਸ ਰੁਪੈ ਘੱਟ ਦੇ ਆਰਡਰ ਲਈ ਰਕਮ ਡਾਕ ਟਿਕਟਾਂ ਰਾਹੀਂ ਪਹਿਲੇ ਭੇਜੀ ਜਾਏ।

3. ਦਸ ਰੁਪੈ ਜਾਂ ਇਸ ਤੋਂ ਵੱਧ ਆਰਡਰ ਵੀ. ਪੀ. ਪੀ. ਰਾਹੀਂ ਭੇਜਿਆ ਜਾਂਦਾ ਹੈ।

—ਸੰਚਾਲਕ